
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

FEB 1983

## ਗੁਰਦੁਆਰਾ ਟੁੱਟੀ ਗੰਢੀ – ਮੁਕਤਸਰ ਸਾਹਿਬ



www.AKJ.Org

# ਤਤਕਰਾ


| | | |
|---|---|---|
| ਐਸੀ ਗੁਰਮਤਿ ਪਾਈਅਲੇ (ਆਸਾ ਮਹਲਾ ੫) | ਅਰਥ ਵਿਆਖਿਆ ਵਲੋਂ 'ਸੂਰਾ' ਪਰਵਾਰ | ੩ |
| ਭਾਈ ਸਾਹਿਬ ਭਾਈ ਰਣਧੀਰ ਸਿੰਘ ਸਕਾਲਰਸ਼ਿਪ 1983-84 | ਜਥੇਦਾਰ ਅਖੰਡ ਕੀਰਤਨੀ ਜਥਾ | ੬ |
| ਧਰਮਰਾਇ ਦੀ ਦਰਗਾਹ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੭ |
| ਹਭੇ ਟੋਲ ਸੁਹਾਵਣੇ........ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੧੧ |
| ਖਿਦਰਾਣੇ ਦੀ ਢਾਬ–ਮੁਕਤਸਰ......ਅੱਜ ਲੋੜ ਹੈ | ਸਰਦਾਰ ਵਰਿਆਮ ਸਿੰਘ ਜੀ | ੧੭ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ | ਜਥੇਦਾਰ ਅਖੰਡ ਕੀਰਤਨੀ ਜਥਾ | ੧੯ |
| ਕੀਰਤਨ ਤੇ ਕੀਰਤਨੀਆ | ਬੀਬੀ ਭੂਪਿੰਦਰ ਕੌਰ ਜੀ | ੨੧ |
| ਅੰਦਰੂਨੀ ਖ਼ੁਦਮੁਖ਼ਤਿਆਰੀ ਦੀ ਲੋੜ | ਸਾਥੀ ਜਸਵੰਤ ਸਿੰਘ ਜੀ ਕੰਵਲ | ੨੩ |
| ਕੀਰਤਨ-ਉਤਸ਼ਾਹਤ ਪ੍ਰੋਗਰਾਮ | ਜਥੇਦਾਰ ਅਖੰਡ ਕੀਰਤਨੀ ਜਥਾ | ੨੬ |
| ਦਿੱਲੀ ਤੇ ਅੰਮ੍ਰਿਤਸਰ ਦੀ ਲੜਾਈ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ | ੨੭ |
| ਖਾਲਸਾ ਜੀ ਦਾ ਗੁਰਮਤਿ ਆਦਰਸ਼ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩੦ |
| ਗੁਰਮੁਖਿ ਰਾਗ ਸੁਆਦ ਅਨ ਤਿਆਗੇ | ਭਾਈ ਰਣਜੀਤ ਸਿੰਘ ਜੀ | ੩੧ |
| ਸਿਖ ਦੇਸ਼ ਦੇ ਦੋਸਤ | ਡਾਕਟਰ ਫ਼ਾਰੂਕ ਅਬਦੁੱਲਾ | ੩੧ |
| ਮਾਨਸਿਕ ਰੋਗ | ਡਾ: ਅਮਰੀਕ ਸਿੰਘ ਜੀ ਚੀਮਾ | ੩੨ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸੰਬੰਧੀ ਫ਼ੈਸਲਾ | ਅਖੰਡ ਕੀਰਤਨੀ ਜਥਾ ਚੰਡੀਗੜ੍ਹ | ੩੫ |
| ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ ਗੁਰਪੁਰੀ ਸਿਧਾਰ ਗਏ | ... ... ... | ੩੬ |
| ਸਿਖ ਵਖਰੀ ਕੌਮ ਜ਼ਰੂਰ ਹੈ | ਸ: ਹਰਦਿਤ ਸਿੰਘ ਜੀ | ੩੭ |
| ਕੌਮ ਦੇ ਮੁਹਾਣਿਓ ! ਹੋਸ਼ ਕਰੋ !! | 'ਸੂਰਾ' ਪਰਵਾਰ | ੩੯ |
| ਬਾਬਿਆਂ ਨੇ ਆਉਣਾ ਹੈ | 'ਸੂਰਾ' ਪਰਵਾਰ | ੪੦ |
| ਗੁਰ ਨਾਨਕ ਦੀ ਬਾਣੀ (ਕਵਿਤਾ) | ਮਾਸਟਰ ਮਾਘ ਸਿੰਘ ਜੀ ਪਿਆਰ | ੪੧ |


ਸ਼ਹੀਦੀ ਸਾਕਾ ਨਨਕਾਣਾ ਸਾਹਿਬ ੨੧ ਫ਼ਰਵਰੀ

**ਸੋਧ ਲਵੋ–ਪੰਨਾ ੧੯ ਉਪਰ ਹੈਡਿੰਗ "ਸਾਹਿਬ ਦੀ" ਦੀ ਥਾਂ "ਸਾਹਿਬ ਜੀ" ਪੜ੍ਹੋ**

## ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਡਾ: ਚਰਨਜੀਤ ਸਿੰਘ ਗੁਰਭੇਜ ਸਿੰਘ ਪਾਥਰਡੀਹ | ਕਾਕਾ ਮਹਿੰਦਰ ਸਿੰਘ ਨਮਿਤ ਅਖੰਡ ਪਾਠ ਦੇ ਭੋਗ ਸਮੇਂ | ੨੧-੦੦ |
| ਭਾ: ਮਨਜੀਤ ਸਿੰਘ ਸਾਊਥਾਲ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੪੮-੦੦ |
| ਸਿਖ ਸੰਗਤ ਜਰਮਨੀ, ਰਾਹੀਂ ਸ:ਅਵਤਾਰ ਸਿੰਘ ਫਰਾਕਾ ਬੈਰਿਜ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੩੭੨-੦੦ |
| ਗੁਪਤ ਦਾਨ | 'ਸੂਰਾ' ਦੀ ਚੜ੍ਹਦੀ ਕਲਾ ਲਈ | ੫੩-੯੦ |
| ਸ: ਸਵਰਨ ਸਿੰਘ ਕਲਸੀ ਜਬਲਪੁਰ | ,, ,, ,, | ੫-੦੦ |
| ਸ. ਦਲੀਪ ਸਿੰਘ ਦਿਲੀ | ਸ: ਕਿਸ਼ਨ ਸਿੰਘ ਨਮਿਤ ਅੰਤਮ ਅਰਦਾਸ ਸਮੇਂ | ੨੦-੦੦ |
| ਸ: ਰਵੇਲ ਸਿੰਘ ਐਂਡ ਸੰਨਜ਼ ਦੁਰਗ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੨੫੦-੦੦ |
| ਸਰਦਾਰਨੀ ਬਹਾਦਰ ਸਿੰਘ, ਅੰਮ੍ਰਿਤਸਰ | ਭੁਜੰਗੀ ਦੇ ਅਨੰਦ ਕਾਰਜ ਨਮਿਤ ਪਾਠ ਦੇ ਭੋਗ ਸਮੇਂ | ੧੦੩-੪੦ |
| ਸ: ਹਰਗੋਪਾਲ ਸਿੰਘ ਅੰਮ੍ਰਿਤਸਰ | ਭੁਜੰਗੀ ਦੇ ਜਨਮ ਦੀ ਖੁਸ਼ੀ ਦੇ ਅਖੰਡ ਪਾਠ ਸਮੇਂ | ੧੦੧-੦੦ |
| ਸ: ਹਰਬੰਸ ਸਿੰਘ ਧਾਲੀਵਾਲ, ਡਰਬੀ ਯੂ.ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੯੮-੦੦ |
| ਸ: ਮਸਤਾ ਸਿੰਘ ਡਰਬੀ ਯੂ.ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੫੦-੦੦ |
| ਜਥੇਦਾਰ ਰਾਮ ਸਿੰਘ ਜੀ ਅੰਮ੍ਰਿਤਸਰ | ਮਾਤਾ ਨਰਿੰਦਰ ਕੌਰ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ ਸਮੇਂ | ੧੭-੭੫ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੨-੮੩ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ : 43094


www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ**

**ਲਾਈਫ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦

ਹਵਾਈ ਡਾਕ

ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੦੦-੦੦
ਅਰਬ ਮਲਾਇਆ ੫੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੭ ਫਰਵਰੀ ੧੯੯੩ ਅੰਕ ੨


## ਐਸੀ ਗੁਰਮਤਿ ਪਾਈਅਲੇ

ਬੁਧਿ ਪ੍ਰਗਾਸ ਭਈ ਮਤਿ ਪੂਰੀ ॥ ਤਾ ਤੇ ਬਿਨਸੀ ਦੁਰਮਤਿ ਦੂਰੀ ॥੧॥
ਐਸੀ ਗੁਰਮਤਿ ਪਾਈਅਲੇ ॥
ਬੂਡਤ ਘੋਰ ਅੰਧ ਕੂਪ ਮਹਿ, ਨਿਕਸਿਓ ਮੇਰੇ ਭਾਈ ਰੇ ॥੧॥ਰਹਾਉ॥
ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥
ਦੁਤਰ ਅੰਧ ਬਿਖਮ ਇਹ ਮਾਇਆ ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥੩॥
ਜਾਪ ਤਾਪ ਕਛੁ ਉਕਤਿ ਨ ਮੋਰੀ ॥ ਗੁਰ ਨਾਨਕ ਸਰਣਾਗਤਿ ਤੋਰੀ ॥੪॥੨੯॥

—ਆਸਾ ਮਹਲਾ ੫, ਪੰਨਾ ੩੭੭




www.AKJ.Org

# ਐਸੀ ਗੁਰਮਤਿ ਪਾਈਅਲੇ

ਅਰਥ ਵਿਆਖਿਆ–

ਅਰੰਭਕ ਪੰਨੇ ਤੇ ਦਿਤਾ ਸ਼ਬਦ ਸ਼ਾਂਤੀ ਦੇ ਪੁੰਜ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਪਾਤਿਸ਼ਾਹ ਦਾ ਹੈ। ਇਸ ਵਿਚ ਦਸਿਆ ਗਿਆ ਹੈ ਕਿ ਸਤਿਗੁਰੂ ਦੀ ਸਿਖਿਆ ਪ੍ਰਾਪਤ ਕਰ ਕੇ, ਸਤਿਗੁਰੂ ਦਾ ਉਪਦੇਸ਼ ਗ੍ਰਹਿਣ ਕਰ ਕੇ, ਗੁਰ-ਦੀਖਿਅਤ ਹੋ ਕੇ ਕਿਸੇ ਪ੍ਰਾਣੀ ਵਿਚ ਕੀ ਤਬਦੀਲੀ ਆਉਂਦੀ ਹੈ। ਅਤੇ ਫਿਰ ਉਹ ਤਬਦੀਲੀ ਤਾਂ ਹੀ ਸਿਰੇ ਚੜ੍ਹ ਸਕਦੀ ਹੈ, ਜੇ ਗੁਰੂ ਕਾ ਸਿਖ ਆਪਣੀਆਂ ਸਿਆਣਪਾਂ ਤੇ ਉਕਤੀਆਂ ਯੁਕਤੀਆਂ ਛਡ ਕੇ ਅਤੇ ਜਾਪ ਤਾਪ ਆਦਿਕ ਕਰਮਾਂ ਦਾ ਮਾਣ-ਅਹੰਕਾਰ ਛਡ ਕੇ ਦਾਸਤ-ਭਾਵ ਵਿਚ ਰਹਿ ਕੇ ਗੁਰੂ ਦੇ ਦਰ ਤੇ ਡਿਗਾ ਰਹੇ, ਜੇ ਗੁਰੂ ਦੀ ਸ਼ਰਨ ਪਿਆ ਰਹੇ, ਜੇ ਗੁਰੂ ਦੀ ਦਸੀ ਕਾਰ ਕਮਾਂਦਾ ਰਹੇ, ਜੇ ਗੁਰੂ ਕੇ ਹੁਕਮਾਂ ਨੂੰ ਮੰਨਦਾ ਰਹੇ।

ਸਤਿਗੁਰੂ ਪਾਤਿਸ਼ਾਹ ਜੀ ਸਿਖ ਨੂੰ ਉਪਦੇਸ਼ ਦੇ ਰਹੇ ਹਨ–

ਸਤਿਗੁਰੂ ਦੀ ਪੂਰੀ ਮਤਿ ਪ੍ਰਾਪਤ ਹੋਣ ਨਾਲ ਪ੍ਰਾਣੀ ਦੀ ਬੁਧੀ ਪ੍ਰਗਾਸ ਜਾਂਦੀ ਹੈ, ਉਸ ਦੇ ਅੰਦਰ ਗੁਰਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਉਹ ਜੋ ਕੁਝ ਵੀ ਕਰਦਾ ਹੈ ਉਹ ਗੁਰਮਤਿ ਦੀ ਰੋਸ਼ਨੀ ਵਿਚ, ਗੁਰੂ ਦੀ ਦ੍ਰਿੜ੍ਹਾਈ ਸਿਖਿਆ ਅਨੁਸਾਰ ਹੀ ਸ਼ੁਭ ਕਰਮ ਕਰਦਾ ਹੈ। ਇਸ ਗੁਰਮਤਿ ਦੇ ਪ੍ਰਗਾਸਣ ਨਾਲ ਫਿਰ ਉਸ ਦੇ ਅੰਦਰੋਂ ਖੋਟੀ ਮਤਿ ਦੂਰ ਨਸ ਜਾਂਦੀ ਹੈ। ਉਹ ਆਪਣੀ ਮਨ ਦੀ ਖੋਟੀ ਮਤਿ ਨੂੰ ਤਿਆਗ ਦਿੰਦਾ ਹੈ। ਉਹ ਕੋਈ ਵੀ ਮਨਮਤੀ ਕਰਮ ਨਹੀਂ ਕਰਦਾ। ਉਹ ਭਰਮ-ਭੁਲੀ ਲੁਕਾਈ ਦੀ ਰੀਸੇ ਜਾਂ ਸਾਕਾਂ ਅੰਗਾਂ ਤੇ ਦੁਨੀਆ ਨੂੰ ਰੀਝਾਉਣ ਖ਼ਾਤਰ ਕੋਈ ਕਰਮ ਵੀ ਗੁਰਮਤਿ ਤੋਂ ਉਲਟ ਨਹੀਂ ਕਰਦਾ। ਉਹ ਅਜਿਹਾ ਇਸ ਕਰਕੇ ਕਰਦਾ ਹੈ, ਕਿਉਂਕਿ ਦੁਰਮਤਿ ਤਾਂ ਉਸ ਤੋਂ ਕੋਹਾਂ ਦੂਰ ਭਜ ਚੁਕੀ ਹੁੰਦੀ ਹੈ। ਗੁਰੂ ਦੀ ਸਿਖਿਆ ਪ੍ਰਾਪਤ ਕਰ ਕੇ ਉਹ ਪ੍ਰਾਣੀ ਗੁਰਮਤੀ ਜੀਵਨ ਵਾਲਾ ਹੋ ਜਾਂਦਾ ਹੈ ॥੧॥

ਫਿਰ ਉਹ ਇਉਂ ਦੁਹਾਈ ਦਿੰਦਾ ਹੈ–

ਹੇ ਭਾਈ ! ਮੈਂ ਐਸੀ ਗੁਰਮਤਿ ਪਾ ਲਈ ਹੈ, ਜਿਸ ਦਾ ਸਦਕਾ ਮੇਰੇ ਜੀਵਨ ਵਿਚ ਇਹ ਭਾਰੀ ਤਬਦੀਲੀ ਆ ਗਈ ਹੈ ਕਿ ਕਿਥੇ ਤਾਂ ਅਗੇ ਸੰਸਾਰ-ਸਾਗਰ ਦੇ ਘੋਰ ਅੰਨ੍ਹੇਰੇ ਖੂਹ ਵਿਚ ਡੁਬਿਆ ਪਿਆ ਸਾਂ ਤੇ ਕਿਥੇ ਹੁਣ ਸਤਿਗੁਰੂ ਦੀ ਸਿਖਿਆ ਪ੍ਰਾਪਤ ਕਰਨ ਨਾਲ ਉਸ ਅੰਨ੍ਹੇਰ-ਗੁਬਾਰ ਵਿਚੋਂ ਬਚ ਨਿਕਲਿਆ ਹਾਂ ॥੧॥ਰਹਾਉ॥

ਸਤਿਗੁਰੂ ਜੀ ਜੀਵ ਨੂੰ ਸੋਧ ਦੇ ਰਹੇ ਹਨ ਕਿ–

ਇਹ ਸੰਸਾਰ ਅਗਨੀ ਦਾ ਬਹੁਤ ਭਾਰੀ ਸਮੁੰਦਰ ਹੈ, ਜਿਸ ਦਾ ਆਰਾਵਾਰ ਨਹੀਂ ਪਾਇਆ ਜਾ ਸਕਦਾ। ਪਰ ਸਤਿਗੁਰੂ ਪਾਤਿਸ਼ਾਹ ਬੋਹਿਥਾ ਹੈ, ਜਹਾਜ਼ ਹੈ, ਜੋ ਰਤਨਾਂ ਦੀ ਖਾਣ ਹੈ ਅਤੇ ਇਸ ਭਿਆਨਕ ਸੰਸਾਰ-ਸਮੁੰਦਰ ਤੋਂ ਪ੍ਰਾਣੀ ਨੂੰ ਉਪਦੇਸ਼ ਦੇ ਕੇ ਪਾਰ ਉਤਾਰ ਲੈਂਦਾ ਹੈ ॥੨॥

ਇਸੇ ਤਰ੍ਹਾਂ ਇਸ ਸੰਸਾਰ ਵਿਚ ਜੋ ਅਨਿਕ ਪ੍ਰਕਾਰੀ ਮਾਇਆ ਵਿਆਪ ਰਹੀ ਹੈ, ਉਹ ਅਗਿਆਨਤਾ ਵਿਚ ਫਸਾਉਣ ਦਾ ਮੂਲ ਕਾਰਨ ਹੈ, ਜਿਸ ਕਰਕੇ ਇਸ ਬਿਖੜੇ ਸੰਸਾਰ ਸਾਗਰ ਤੋਂ ਤਰਨਾ ਬਹੁਤ ਔਖਾ ਤੇ ਮੁਸ਼ਕਲ ਹੈ, ਪਰ ਪੂਰਨ ਸਮਰੱਥ ਸਤਿਗੁਰੂ ਨੇ ਇਸ ਮਾਇਆ ਦੀ ਫਾਹੀ ਚੋਂ ਕਢਣ ਲਈ "ਗੁਰਮਤਿ ਦਾ ਸਹੀ ਮਾਰਗ" ਪਰਗਟ ਤੌਰ ਤੇ ਵਿਖਾਲ ਦਿਤਾ ਹੈ, ਜਿਸ ਮਾਰਗ ਤੇ ਤੁਰ ਕੇ ਅਨਿਕ ਪ੍ਰਕਾਰੀ ਮਾਇਕ ਤ੍ਰਿਸ਼ਨਾ ਦੀ ਭਿਆਨਕ ਅਗਨੀ ਪੋਹ ਨਹੀਂ ਸਕਦੀ ॥੩॥

ਅੰਤ ਵਿਚ ਪੰਜਵੇਂ ਗੁਰੂ ਨਾਨਕ ਆਪਣੇ 'ਨਾਨਕ' ਨਾਮ ਦੀ ਮੁਹਰ-ਛਾਪ ਹੇਠ ਪ੍ਰਾਣੀ ਨੂੰ ਇਹ ਸੋਝੀ ਬਖਸ਼ਦੇ ਹਨ ਕਿ ਗੁਰਮਤਿ ਦੀ ਬਖਸ਼ਸ਼ ਪ੍ਰਾਪਤ ਕਰ ਕੇ ਉਸ ਨੂੰ ਸਹਿਜ ਵਿਚ ਟਿਕ ਕੇ ਜਰਨ ਦੀ ਲੋੜ ਹੈ ਅਤੇ ਸਦਾ ਨਿਮਰਤਾ ਵਿਚ ਇਉਂ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ,ਹੇ ਗੁਰੂ ਪਾਤਸ਼ਾਹ ਜੀ ! ਮੇਰੇ ਪਾਸ ਕੋਈ ਜਪ ਤਪ ਨਹੀਂ, ਕੋਈ ਸਿਆਣਪ ਨਹੀਂ, ਕੋਈ ਕਮਾਈ ਨਹੀਂ, ਇਸ ਲਈ ਮੈਂ ਤੇਰੀ ਸ਼ਰਣ ਹਾਂ। ਮੈਨੂੰ ਸਦਾ ਆਪਣੀ



www.AKJ.Org

ਮਿਹਰ ਵਿਚ ਰਖੋ ਅਤੇ ਆਪਣੀ ਬਖਸ਼ੀ ਗੁਰਮਤਿ ਤੇ ਤੁਰਨ ਦਾ ਬਲ ਪ੍ਰਦਾਨ ਕਰਦੇ ਰਹੋ, ਤਾਕਿ ਮੈਂ ਇਸ ਭਿਆਨਕ ਮਾਇਕ ਜਾਲ ਵਿਚ ਫਸਣੋਂ ਬਚ ਕੇ ਸੰਸਾਰ ਸਾਗਰ ਤੋਂ ਪਾਰ ਉਤਰ ਜਾਵਾਂ ॥੪॥

## ਆਓ, ਰਤਾ ਆਪਣੇ ਅੰਦਰ ਝਾਤੀ ਮਾਰੀਏ—

(੧) ਕੀ ਅਸੀਂ "ਗੁਰ ਕੀ ਮਤਿ" ਪ੍ਰਾਪਤ ਕਰ ਕੇ, ਗੁਰ-ਦੀਖਿਅਤ ਹੋ ਕੇ, ਪੰਜਾਂ ਪਿਆਰਿਆਂ ਪਾਸੋਂ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ, ਸਤਿਗੁਰਾਂ ਦੇ ਦ੍ਰਿੜ੍ਹਾਏ ਹੁਕਮਾਂ ਤੇ ਤੁਰ ਰਹੇ ਹਾਂ ?

(੨) ਕੀ ਅਸੀਂ ਨਿਤ ਗੁਰ-ਹੁਕਮਾਂ ਅਨੁਸਾਰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਪਾਨ ਕਰ ਕੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਹਾਂ ?

(੩) ਕੀ ਅੰਮ੍ਰਿਤ ਵੇਲੇ ਨਾਮ-ਸਿਮਰਨ ਵਿਚ ਜੁੜਦੇ ਹਾਂ ?

(੪) ਕੀ ਪੰਜਾਂ ਪਿਆਰਿਆਂ ਵਲੋਂ ਦਸੀਆਂ ਬਾਣੀਆਂ ਦਾ ਉਚਾਰਨ ਨਿਤਾਪ੍ਰਤੀ ਨੇਮ ਅਨੁਸਾਰ ਕਰਦੇ ਹਾਂ ?

(੫) ਕੀ ਕੇਵਲ ਗੁਰਬਾਣੀ ਨੂੰ ਇਸ਼ਟ ਮੰਨ ਕੇ ਇਕ ਅਕਾਲ ਦੀ ਪੂਜਾ ਕਰਦੇ ਹਾਂ ਅਤੇ 'ਜਾਗਤ ਜੋਤਿ' ਵਾਹਿਗੁਰੂ ਦਾ ਜਾਪ ਕਰਦੇ ਹਾਂ ?

(੬) ਕੀ ਆਪਣੇ ਇਸ਼ਟ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਆਪਣੇ ਹਿਤੋਂ ਚਿਤੋਂ ਕਰਦੇ ਹਾਂ ਅਤੇ ਉਨ੍ਹਾਂ ਦੇ ਸਤਿਕਾਰ ਵਜੋਂ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਹਾਂ ?

(੭) ਕੀ ਅਸੀਂ ਆਪਣੇ ਸਰੀਰਕ ਇੰਦਰਿਆਂ ਨੂੰ ਗੁਰੂ ਕੀ ਦਸੀ ਕਾਰ ਵਿਚ ਲਾਉਂਦੇ ਹਾਂ ?

(੮) ਕੀ ਆਪਣੀਆਂ ਅੱਖਾਂ ਨੂੰ ਪਰ-ਧਨ ਤੇ ਪਰ-ਤਨ ਵਲ ਝਾਕਣੋਂ ਰੋਕਦੇ ਹਾਂ ?

(੯) ਕੀ ਸੁਰਤੀ ਬਿਰਤੀ ਨੂੰ ਵਿਗਾੜਨ ਵਾਲੇ ਰਾਗ-ਰੰਗ ਤੇ ਤਮਾਸ਼ਿਆਂ ਨੂੰ ਵੇਖਣ ਅਤੇ ਕਲਜੁਗੀ ਚਟਕ ਮਟਕ ਵਾਲੀਆਂ ਫਿਲਮਾਂ ਤੇ ਸਿਨਮਿਆਂ ਨੂੰ ਵੇਖਣ ਵਲੋਂ ਆਪਣੇ ਆਪ ਨੂੰ ਹੋੜਦੇ ਹਾਂ ?

(੧੦) ਕੀ ਅਸੀਂ ਬਾਹਰ ਸਿਨਮਿਆਂ ਵਿਚ ਝਖਾਂ ਮਾਰਨ ਦੀ ਥਾਂ, ਆਪਣੇ ਘਰਾਂ ਅੰਦਰ ਹੀ ਬਹਿ ਕੇ ਚੋਰੀ ਚੋਰੀ ਇਹ ਰਾਗ ਰੰਗ ਦੀਆਂ ਮਹਿਫਲਾਂ ਤੇ ਫਿਲਮਾਂ ਦੀ ਚਟਕ ਮਟਕ ਟੀ. ਵੀ. ਉਤੇ ਵੇਖਣ ਦੀ ਬੀਮਾਰੀ ਵਿਚ ਤਾਂ ਨਹੀਂ ਫਸ ਗਏ ?

(੧੧) ਕੀ ਅਸੀਂ ਜੀਭ ਦੇ ਰਸਾਂ ਕਸਾਂ ਵਿਚ ਤਾਂ ਨਹੀਂ ਉਲਝ ਗਏ ? ਅਤੇ ਸ਼ਰਾਬ ਕਬਾਬ ਆਦਿ ਵਿਕਾਰਾਂ ਦੀ ਮਾਰ ਵਿਚ ਤਾਂ ਨਹੀਂ ਰੁੜ੍ਹ ਗਏ ?

(੧੨) ਕੀ ਸਾਡੇ ਪੈਰ ਸੰਗਤ ਵਲ ਜਾਣ ਦੀ ਥਾਂ ਕਿਤੇ ਕੁਸੰਗਤ ਵਲ ਜਾਣ ਦਾ ਰੁਖ਼ ਤਾਂ ਨਹੀਂ ਕਰ ਰਹੇ ?

(੧੩) ਕੀ ਅਸੀਂ ਆਪਣੇ ਹੱਥਾਂ ਨੂੰ ਗੁਰੂ ਕੀ ਸੇਵਾ, ਗੁਰਸਿਖਾਂ ਦੀ ਸੇਵਾ, ਦੁਖੀਆਂ ਲੋੜਵੰਦਿਆਂ ਦੀ ਸੇਵਾ ਨਾਲ ਸਫਲ ਕਰਦੇ ਹਾਂ ?

(੧੪) ਕੀ ਅਸੀਂ ਆਪਣੇ ਕੰਨਾਂ ਨੂੰ ਪਰਾਈ ਨਿੰਦਾ ਸੁਣਨ ਤੋਂ, ਅਤੇ ਮਨ-ਬ੍ਰਿਤੀ ਤੇ ਭੈੜਾ ਪ੍ਰਭਾਵ ਪਾਉਣ ਵਾਲੀਆਂ ਗੱਲਾਂ ਸੁਣਨ ਤੋਂ ਰੋਕਦੇ ਹਾਂ ? ਅਤੇ ਗੁਰਬਾਣੀ, ਕੀਰਤਨ ਤੇ ਗੁਰੂ ਦੀਆਂ ਬਾਤਾਂ ਤੇ ਗੁਰ-ਇਤਿਹਾਸ ਸੁਣਨ ਲਈ ਪ੍ਰੇਰਦੇ ਰਹਿੰਦੇ ਹਾਂ ?

(੧੫) ਕੀ ਅਸੀਂ ਅਨਮਤਾਂ ਦੇ ਵਹਿਮਾਂ, ਭਰਮਾਂ, ਪਖੰਡਾਂ ਅਤੇ ਕਰਮ-ਕਾਂਡੀ ਰਸਮਾਂ, ਰੀਤਾਂ ਰਿਵਾਜਾਂ ਦੇ ਪ੍ਰਭਾਵ ਹੇਠ ਕੋਈ ਐਸੇ ਕਰਮ ਤਾਂ ਨਹੀਂ ਕਰਦੇ, ਜਿਨ੍ਹਾਂ ਦੀ ਗੁਰਮਤਿ ਆਗਿਆ ਨਹੀਂ ਦਿੰਦੀ ?

(੧੬) ਸਤਿਗੁਰਾਂ ਦਾ ਹੁਕਮ ਹੈ, "ਘਾਲਿ ਖਾਇ ਕਿਛੁ ਹਥਹੁ ਦੇਇ ॥" ਕੀ ਅਸੀਂ ਘਾਲ ਦੀ ਕਮਾਈ ਕਰਦੇ ਹਾਂ ? ਕੀ ਅਸੀਂ ਧਰਮ ਦੀ ਸੁਚੀ ਕਿਰਤ ਕਰਦੇ ਹਾਂ ? ਅਤੇ ਕੀ ਉਸ ਕਮਾਈ ਵਿਚੋਂ ਅਸੀਂ ਲੋੜ-ਵੰਦਿਆਂ ਨੂੰ ਦੇ ਕੇ, ਦਸਵੰਧ ਗੁਰੂ ਕੇ ਲੇਖੇ ਲਾ ਕੇ, ਫਿਰ ਆਪ ਛਕਦੇ ਹਾਂ ?



www.AKJ.Org

(੧੭) ਸਤਿਗੁਰੂ ਦਾ ਉਪਦੇਸ਼ ਹੈ, "ਅਪਨਾ ਬਿਗਾਰਿ ਬਿਰਾਨਾ ਸਾਂਢੈ॥" ਕੀ ਅਸੀਂ ਸਚ ਮੁਚ ਆਪਣਾ ਨੁਕਸਾਨ ਕਰ ਕੇ ਵੀ ਦੂਜਿਆਂ ਦਾ ਭਲਾ ਕਰਦੇ ਹਾਂ ? ਕੀ ਅਸੀਂ ਨਿਜ ਸੁਆਰਥ ਵਿਚ ਤਾਂ ਨਹੀਂ ਫਸ ਗਏ ਹਾਂ ? ਕੀ ਅਸੀਂ ਪਰਉਪਕਾਰ ਦੀ ਭਾਵਨਾ ਹੇਠ ਜੀਵਨ ਬਤੀਤ ਕਰ ਰਹੇ ਹਾਂ ?

(੧੮) ਸਤਿਗੁਰੂ ਦ੍ਰਿੜ੍ਹ ਕਰਾਉਂਦੇ ਹਨ ਕਿ "ਪਰ ਕਾ ਬੁਰਾ ਨ ਰਾਖਹੁ ਚੀਤ ॥" ਇਸ ਹੁਕਮ ਅਧੀਨ ਕੀ ਅਸੀਂ ਸਰਬੱਤ ਮਨੁਖ ਮਾਤਰ ਦਾ ਭਲਾ ਲੋਚਦੇ ਹਾਂ ?

(੧੯) ਗੁਰਬਾਣੀ ਰੋਸ਼ਨੀ ਦੇ ਰਹੀ ਹੈ, "ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ" ਅਤੇ "ਦਇਆ ਜਾਣੈ ਜੀਅ ਕੀ"। ਕੀ ਅਸੀਂ ਆਪਣੇ ਕਿਸੇ ਕਰਤੱਵ ਨਾਲ ਕਿਸੇ ਦਾ ਦਿਲ ਤਾਂ ਨਹੀਂ ਦੁਖੀ ਕਰਦੇ ਅਤੇ ਪ੍ਰਭੂ ਦੀ ਰਚੀ ਸਾਰੀ ਕਾਇਨਾਤ ਤੇ ਦਇਆ ਕਰਦੇ ਹਾਂ ?

(੨੦) ਗੁਰਬਾਣੀ ਸੇਧ ਦਿੰਦੀ ਹੈ ਕਿ "ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥" ਕੀ ਅਸੀਂ ਇਸ ਹੁਕਮ ਤੇ ਅਮਲ ਕਰਦੇ ਹਾਂ ?

(੨੧) ਭਾਈ ਗੁਰਦਾਸ ਜੀ "ਗੁਰਮਤਿ" ਦੀ ਵਿਆਖਿਆ ਕਰਦੇ ਲਿਖਦੇ ਹਨ—"ਗੁਰਮਤਿ ਰਿਦੈ ਗਰੀਬੀ ਆਵੈ ॥" ਕੀ ਅਸੀਂ ਨਿਮਰਤਾ ਗਰੀਬੀ ਵਿਚ ਜੀਵਨ ਬਤੀਤ ਕਰ ਕੇ ਗੁਰਮਤਿ ਦੀ ਕਮਾਈ ਕਰਦੇ ਹਾਂ ?

ਉਪਰੋਕਤ ਗੁਰਮਤਿ ਦ੍ਰਿੜ੍ਹਾਉਣ ਵਾਲੇ ਅੰਕੜਿਆਂ ਦੀ ਸੇਧ ਵਿਚ ਅਸੀਂ ਆਪੋ ਆਪਣੇ ਅੰਦਰ ਝਾਤ ਮਾਰ ਕੀ ਵੇਖੀਏ ਕਿ ਅਸੀਂ ਕਿੰਨਾ ਕੁ ਇਨ੍ਹਾਂ ਤੇ ਅਮਲ ਕਰਦੇ ਹਾਂ। ਜੇ ਅਜੇ ਤਕ ਕੋਈ ਕਮੀ ਹੈ ਤਾਂ ਉਸ ਨੂੰ ਪੂਰਾ ਕਰੀਏ ਅਤੇ ਸਹੀ ਅਰਥਾਂ ਵਿਚ "ਗੁਰਮਤਿ" ਦੀ ਕਾਰ ਕਮਾ ਕੇ ਸਚਿਆਰ ਸਿਖ ਬਣੀਏ ਅਤੇ ਸੰਸਾਰ ਵਿਚ ਵਿਆਪ ਰਹੀ ਮਾਇਆ ਦੇ ਇਸ ਅੰਧ ਘੋਰ ਖੂਹ ਵਿਚੋਂ "ਗੁਰਮਤਿ" ਦੀ ਕਮਾਈ ਕਰ ਕੇ ਬਚ ਨਿਕਲੀਏ।

---

## ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰ-ਸ਼ਿਪ 1983-84

ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਅੰਮ੍ਰਿਤਧਾਰੀ ਗੁਰਸਿੱਖ ਬੱਚੇ ਬੱਚੀਆਂ ਨੂੰ ਸੂਚਤ ਕੀਤਾ ਜਾਂਦਾ ਹੈ ਕਿ ਉਪ੍ਰੋਕਤ ਸਕਾਲਰ-ਸ਼ਿਪ ਲਈ 31 ਜੁਲਾਈ 1983 ਤੱਕ ਆਪਣੀਆਂ ਦਰਖ਼ਾਸਤਾਂ ਹੇਠ ਲਿਖੇ ਪਤੇ ਤੇ ਪਹੁੰਚਾ ਦੇਣ। ਦਰਖ਼ਾਸਤਾਂ ਦੇ ਫ਼ਾਰਮ ਭੀ ਏਸੇ ਪਤੇ ਤੋਂ ਇੱਕ ਰੁਪਏ ਦਾ ਮਨੀਆਰਡਰ ਭੇਜ ਕੇ ਮੰਗਵਾਏ ਜਾ ਸਕਦੇ ਹਨ।

**ਯੋਗਤਾਵਾਂ :–**

1. ਅਧਿਕਾਰੀ ਅੰਮ੍ਰਿਤਧਾਰੀ ਅਤੇ ਸਿੱਖੀ ਰਹਿਤ ਵਿਚ ਪਰਪੱਕ ਹੋਣੇ ਚਾਹੀਦੇ ਹਨ।
2. ਨਿਤਨੇਮ ਵਾਲੀਆਂ ਸੱਤਾਂ ਬਾਣੀਆਂ ਵਿਚੋਂ ਪੰਜ ਬਾਣੀਆਂ ਜ਼ਰੂਰ ਕੰਠ ਹੋਣੀਆਂ ਚਾਹੀਦੀਆਂ ਹਨ। ਜ਼ਿਆਦਾ ਬਾਣੀਆਂ ਕੰਠਾਗਰ ਵਾਲਿਆਂ ਨੂੰ ਤਰਜੀਹ ਦਿੱਤੀ ਜਾਏਗੀ।
3. ਕੰਠਾਗਰ ਬਾਣੀ ਦੀ ਸਹਾਇਤਾ ਨਾਲ ਕੀਰਤਨ ਕਰਨ ਦਾ ਉਪਰਾਲਾ ਕਰਨ ਵਾਲੇ ਬੱਚੇ ਦਾ ਖਾਸ ਖ਼ਿਆਲ ਰੱਖਿਆ ਜਾਏਗਾ।

ਨੋਟ :—ਜੇ ਇਕ ਤੋਂ ਵਧ ਬੱਚਿਆਂ ਨੂੰ ਇਕੋ ਜਿੰਨੀਆਂ ਬਾਣੀਆਂ ਕੰਠ ਹੋਣ ਤਾਂ ਉਸ ਹਾਲਤ ਵਿਚ ਉਮਰੋਂ ਛੋਟੇ ਬੱਚੇ ਨੂੰ ਉਚਿਤ ਸਮਝਿਆ ਜਾਏਗਾ।

ਦਰਖ਼ਾਸਤਾਂ ਭੇਜਣ ਦਾ ਐਡਰੈਸ—
ਮਾਸਟਰ ਹਰਬੰਸ ਸਿੰਘ ਜੀ, ਕੁ-ਅਪਟਿਡ ਮੈਂਬਰ ਇੰਚਾਰਜ
ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰ-ਸ਼ਿਪ ਬੋਰਡ (ਅਖੰਡ ਕੀਰਤਨੀ ਜਥਾ)
ਮਾਰਫ਼ਤ ਨਵਯੁਗ ਪ੍ਰੈਸ, ਚਾਂਦਨੀ ਚੌਂਕ, ਦਿੱਲੀ—6



www.AKJ.Org

# ਧਰਮ ਰਾਇ ਦੀ ਦਰਗਾਹ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਵੇਪਰਵਾਹੁ ਅਗੋਚਰੁ ਆਪਿ ॥ ਆਠ ਪਹਰ ਮਨ ਤਾ ਕਉ ਜਾਪਿ ॥
ਜਿਸੁ ਚਿਤਿ ਆਏ ਬਿਨਸਹਿ ਦੁਖਾ ॥ ਹਲਤਿ ਪਲਤਿ ਤੇਰਾ ਊਜਲ ਮੁਖਾ ॥੩॥(੪॥੩੧॥੪੨)

ਰਾਮਕਲੀ ਮ: ੫, ਪੰਨਾ ੮੯੬

ਇਹ ਲੋਕੇ ਸੁਖੁ ਪਾਇਆ ॥ ਨਹੀ ਭੇਟਤ ਧਰਮਰਾਇਆ ॥...੧॥ (੪॥੩੮॥੪੯)

ਰਾਮਕਲੀ ਮ: ੫, ਪੰਨਾ ੮੯੮

ਇਹ ਉਪਰ ਦਿਤੇ ਪਰਮਾਣ ਨ ਸਿਰਫ਼ ਅਗਲੀ ਦਰਗਾਹ ਦਾ ਹੀ ਪੱਕਾ ਪਤਾ ਨਿਸ਼ਾਨ ਦਿੰਦੇ ਹਨ, ਸਗੋਂ ਇਹ ਭੀ ਸਪੱਸ਼ਟ ਕਰਦੇ ਹਨ ਕਿ ਨਾਮ ਦੀਆਂ ਕਮਾਈਆਂ ਬਿਨਾਂ ਗਰਭ ਜੂਨਾਂ ਵਿਚ ਮੁੜ ਮੁੜ ਪੈਣਾ ਪੈਂਦਾ ਹੈ,ਅਤੇ ਧਰਮਰਾਇ ਦਾ ਲੇਖਾ ਭੀ ਦੇਣਾ ਪੈਂਦਾ ਹੈ। ਗੁਰਮਤਿ ਅੰਦਰ ਇਹ ਗੱਲ ਮੰਨੀ ਪਰਮੰਨੀ ਹੈ ਕਿ ਧਰਮਰਾਇ ਅਕਾਲ ਪੁਰਖ ਦਾ ਕੀਤਾ ਹੋਇਆ, ਥਾਪਿਆ ਹੋਇਆ, ਹੁਕਮੇ ਅੰਦਰ ਸਭ ਜੀਵਾਂ ਦੇ ਕਰਮਾਂ ਦਾ ਨਿਆਉਂ ਨਿਬੇੜਨ ਲਈ ਇਕ ਵਾਸਤਵੀ ਸ਼ਖ਼ਸੀਅਤ (ਹਸਤੀ) ਹੈ, ਜੋ ਅਗਲੀ ਦਰਗਾਹ ਅੰਦਰ ਸਭ ਤੋਂ ਲੇਖਾ ਲੈਂਦਾ ਹੈ, ਸਿਵਾਇ ਉਨ੍ਹਾਂ ਗੁਰਮੁਖਾਂ, ਗੁਰੂ ਦੇ ਤਾਰੇ ਨਿਸਤਾਰੇ ਨਰਾਂ ਦੇ, ਜਿਨ੍ਹਾਂ ਨੂੰ ਸਤਿਗੁਰੂ ਨਾਨਕ-ਦਸਮੇਸ਼ ਜੀ ਨੇ ਅਪਣਾ ਕੇ ਲੜ ਲਾਇ ਲਿਆ ਹੈ। ਮਤ ਕੋਈ ਇਹ ਗੁਮਾਨ ਕਰੇ ਕਿ ਐਥੇ, ਇਸ ਲੋਕ ਵਿਚ ਹੀ ਜੋ ਕੁਝ ਹੈ ਸੋ ਹੈ, ਅਗਲੀ ਦਰਗਾਹ ਤ ਦਰਗਾਹੀ ਲੇਖੇ ਸਭ ਕਲਪਤ ਗੱਲਾਂ ਹੀ ਹਨ।

ਕੀ ਸਤਿਗੁਰੂ ਸਚੇ ਪਾਤਸ਼ਾਹ ਨੇ ਧੁਰੋਂ ਆਈ ਸਚੀ ਬਾਣੀ ਅੰਦਰ ਅਗਲੀ ਦਰਗਾਹ ਸਬੰਧੀ ਐਵੇਂ ਕਲਪਤ ਖ਼ਿਆਲ ਹੀ ਖ਼ਿਆਲੇ ਹਨ ? ਹਰਗਿਜ਼ ਨਹੀਂ। ਇਹ ਉਨ੍ਹਾਂ ਲੋਕਾਂ ਦਾ ਅਸ਼ਰਧਕ-ਪੁਣਾ ਤੇ ਮਨਮੁਖਤਾ ਹੈ, ਜੋ ਐਸਾ ਗ਼ਲਤ ਵਿਚਾਰ ਮਨ ਵਿਚ ਲਿਆਉਂਦੇ ਹਨ। ਇਕ ਨਹੀਂ, ਅਨੇਕਾਂ ਹੀ ਗੁਰਵਾਕ ਇਸ ਪ੍ਰਥਾਇ ਗੁਰੂ ਸਾਹਿਬ ਨੇ ਉਚਾਰੇ ਹਨ ਕਿ ਅਗਲੀ ਦਰਗਾਹ ਸਚ ਮੁਚ ਹੈ, ਜਿਸ ਦੀ ਹੋਂਦ ਵਿਚ ਰੰਚਕ ਸੰਦੇਹ ਨਹੀਂ। ਅਗਲੀ ਦਰਗਾਹ ਦੀ ਹੋਂਦ ਸਬੰਧੀ ਸਬੂਤ ਲਈ ਹੇਠ ਲਿਖੇ ਗੁਰ-ਪ੍ਰਮਾਣ ਦਿਤੇ ਜਾਂਦੇ ਹਨ :–

ਨਾਮੁ ਬਿਸਾਰਿ ਪਚਹਿ ਅਭਿਮਾਨੁ ॥ ਨਾਮ ਬਿਨਾ ਕਿਆ ਗਿਆਨ ਧਿਆਨੁ ॥
ਗੁਰਮੁਖਿ ਪਾਵਹਿ ਦਰਗਹਿ ਮਾਨੁ ॥੩॥ (੮॥੬) ਰਾਮਕਲੀ ਮ: ੧, ਪੰਨਾ ੯੦੫

ਨਾਮ ਬਿਨਾਂ ਫੋਕਾ ਗਿਆਨ ਧਿਆਨ ਕਿਸੇ ਕੰਮ ਨਹੀਂ। ਫੋਕਟ ਸਹਸ-ਸਿਆਣਪੀ ਅਭਿਮਾਨ ਵਾਲਾ ਹੀ ਇਹ ਚੁੰਚ-ਕਥਨੀਆ ਗਿਆਨ ਧਿਆਨ ਹੈ, ਜੋ ਅਗਲੀ ਦਰਗਾਹ ਸਬੰਧੀ ਸ਼ੰਕਾ ਪੈਦਾ ਕਰਦਾ ਹੈ ਤੇ ਕਿੰਤੂ ਕਰਾਉਂਦਾ ਹੈ। ਗੁਰਮਤਿ ਗਿਆਨ ਦੇ ਤਤ ਧਿਆਨੀ ਗੁਰਮੁਖ ਜਨ ਹੀ ਸਚੀ ਦਰਗਾਹ ਅੰਦਰ ਮਾਨ ਪਾਉਂਦੇ ਹਨ ਤੇ ਸਦ ਸਦੀਵੀ ਆਤਮਕ ਰੰਗ-ਰਲੀਆਂ ਮਾਣਦੇ ਹਨ ਅਤੇ ਹਰਿ ਦਰਗਾਹ ਵਿਚ ਸੋਭਾਵੰਤ ਕਹਾਉਂਦੇ ਹਨ।

ਬਿਨੁ ਸਾਚੇ ਨਹੀ ਦਰਗਹ ਮਾਨੁ ॥ ਹਰਿ ਰਸੁ ਪੀਵੈ ਛੁਟੈ ਨਿਦਾਨਿ ॥੫੦॥

ਦਖਣੀ ਓਅੰਕਾਰੁ, ਪੰਨਾ ੯੩੭

ਵਾਹਿਗੁਰੂ ਸੱਚੇ ਦੀ-ਸੱਚ ਪ੍ਰਾਪਤੀ ਬਿਨਾਂ ਹਰਿ ਦਰਗਾਹੀ ਮਾਨ ਕਿਸੇ ਨੂੰ ਨਹੀਂ ਮਿਲਦਾ। ਗੁਰਮਤਿ ਨਾਮ ਦੀਆਂ ਅਤੁੱਟ ਕਮਾਈਆਂ ਕਰਨ ਤੋਂ ਹਰਿ ਰਸ ਅੰਤਰ-ਆਤਮੇ ਰਸ ਆਉਂਦਾ ਹੈ। ਇਸ ਹਰਿ-ਰਸ ਦੇ ਅੰਦਰ ਰਸ-ਰਸੇ, ਰਸੀਆਂ ਦਾ ਹੀ ਅਗਲੀ ਦਰਗਾਹ ਵਿਚ ਛੁਟਕਾਰਾ ਹੈ, ਦੂਜੇ ਫੋਕਟ ਕਰਮੀਆਂ ਦਾ ਛੁਟਕਾਰਾ ਕਦੇ ਨਹੀਂ ਹੁੰਦਾ।



www.AKJ.Org

ਗੁਰਮੁਖਿ ਚੂਕੈ ਆਵਣ ਜਾਣੁ ॥.........

ਗੁਰਮੁਖਿ ਦਰਗਹ ਸਿਫਤਿ ਸਮਾਇ ॥ ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥

ਸਿਧ ਗੋਸਟਿ, ਪੰਨਾ ੯੪੨

ਦੇਖਿਆ ! ਗੁਰਮੁਖਾਂ ਦਾ ਆਵਣ ਜਾਣਾ ਉੱਕਾ ਹੀ ਚੁਕ ਗਿਆ । ਗੁਰਮੁਖਾਂ ਨੂੰ ਸਚੀ ਦਰਗਾਹ ਅੰਦਰ ਮਾਨ ਮਿਲ਼ਦਾ ਹੈ, ਪਰ ਗੁਰਮੁਖ ਇਹ ਮਾਨ ਮਿਲਣ ਪਰ ਬਫਾਇ ਕੇ ਫੁਲ ਨਹੀਂ ਬਹਿੰਦੇ, ਸਗੋਂ ਸਚੀ ਦਰਗਾਹ ਅੰਦਰ ਸਿਫਤ ਸਲਾਹ ਕਰਿ ਕਰਿ ਰਜਦੇ ਨਹੀਂ । ਸਿਫੰਤ ਸਲਾਹ ਕਰਿ ਸਿਫਤੀ ਵਾਹਿਗੁਰੂ ਦੀ ਜ਼ਾਤਿ ਪਾਕ ਵਿਚ ਹੀ ਸਮਾਇ ਜਾਂਦੇ ਹਨ । ਗੁਰਮੁਖਾਂ ਦੀ ਸਿਫਤ ਸਲਾਹ ਦਾ ਹਦ-ਬੰਨਾ ਥਾਹ ਕੋਈ ਨਹੀਂ ਅਤੇ ਨਾ ਹੀ ਕੁਝ ਪਾਰਾਵਾਰ ਹੈ । ਗੁਰਮੁਖ ਜਨ ਲੇਖੇ ਅੰਦਰ ਕਦੇ ਨਹੀਂ ਆਉਂਦੇ । ਲੇਖੇ ਵਾਲਿਆਂ ਨੂੰ ਹੀ ਬੰਧ ਪੈਂਦੇ ਹਨ। ਗੁਰਮੁਖਾਂ ਨੂੰ ਕੋਈ ਬੰਧ ਨਹੀਂ ਪੈਂਦਾ ।

ਜਮਦਰਿ ਬਾਧੇ ਕੋਇ ਨ ਰਾਖੈ ॥ ਬਿਨੁ ਸਬਦੈ ਨਾਹੀ ਪਤਿ ਸਾਖੈ...॥੫੫॥...

ਮਾਨੈ ਹੁਕਮੁ ਸਭੈ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥

ਸਿਧ ਗੋਸਟਿ, ਪੰਨਾ ੯੪੪

ਗੁਰ-ਸ਼ਬਦ ਵਿਹੂਣੇ ਨਿਗੁਰਿਆਂ ਦੀ ਅਗਲੀ ਦਰਗਾਹ ਪਤਿ ਪਰਤਿਸ਼ਟਾ ਨਹੀਂ ਹੁੰਦੀ । ਨਾ ਹੀ ਕੋਈ ਉਨ੍ਹਾਂ ਦੇ ਛੁਟਕਾਰੇ ਦੀ ਸਿਫ਼ਾਰਸ਼ੀ ਸਾਖਾ ਭਰਦਾ ਹੈ । ਨ ਕੋਈ ਉਨ੍ਹਾਂ ਜਮਦਰ ਬੱਧਿਆਂ ਨੂੰ ਛੁਡਾਉਂਦਾ, ਰਖਿਆ ਕਰਾਉਂਦਾ ਹੈ । ਵਾਹਿਗੁਰੂ ਗੁਰੂ ਸਚੇ ਪਾਤਸ਼ਾਹ ਦਾ ਸੱਚਾ ਹੁਕਮ ਮੰਨਣਹਾਰਿਆਂ ਨੂੰ ਹੀ ਸਚੇ ਗੁਰਮਤਿ ਗਿਆਨ ਤੇ ਗੁਣ, ਆਇ ਪ੍ਰਗਟ ਹੁੰਦੇ ਹਨ, ਜਿਨ੍ਹਾਂ ਦੀ ਬਦੌਲਤ ਤਿਨ੍ਹਾਂ ਨੂੰ ਦਰਗਹ ਅੰਦਰ ਮਾਨ ਪ੍ਰਾਪਤ ਹੁੰਦਾ ਹੈ । ਇਹ ਸਤਿਗੁਰੂ ਨਾਨਕ ਦਾ ਸੱਚਾ ਕਥਨ ਹੈ :–

ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥ ੭੧॥

ਸਿਧ ਗੋਸਟਿ, ਪੰਨਾ ੯੪੬

ਗੁਰਮੁਖਾਂ ਨੇ ਗੁਰਮਤਿ ਨਾਮ ਦੇ ਬਲ ਕਰਕੇ ਜਮਕਾਲ ਨੂੰ ਮਾਰ ਕੇ ਸਾਰਾ ਜਗ ਜਿਤ ਲਿਆ । ਇਸ ਜਗ ਅੰਦਰ ਏਨ੍ਹਾਂ ਨੇ ਸੁਰਖ਼-ਰੂਈ ਹਾਸਲ ਕਰ ਲੀਤੀ ਤੇ ਅਗਲੀ ਦਰਗਾਹੇ ਜਾ ਕੇ ਭੀ ਉਨ੍ਹਾਂ ਨੂੰ ਹਾਰ ਕਦੇ ਨਹੀਂ ਮਿਲਦੀ, ਜਿੱਤ ਹੀ ਜਿੱਤ ਹੈ ।

ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥
ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ ॥
ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰਿ ਕੀਚਹਿ ਕੂੜਿਆਰ ॥...੩॥ (੯)

ਰਾਮਕਲੀ ਕੀ ਵਾਰ, ਮਹਲਾ ੩, ਪੰਨਾ ੯੫੦

ਨਾਮੋਂ ਸਖਣੇ, ਨਿਗੁਰੇ ਮਨਮੁਖਾਂ ਦੇ ਹਿਰਦੇ ਅੰਦਰ ਕਾਮ, ਕ੍ਰੋਧ, ਹੰਕਾਰ ਹੀ ਸਦਾ ਵਸਿਆ ਰਹਿੰਦਾ ਹੈ। ਉਨ੍ਹਾਂ ਦੇ ਅੰਦਰੋਂ ਕੁਬੋਲ, ਕੁਵਾਕ ਹੀ ਨਿਕਲਦੇ ਹਨ, ਕ੍ਰੋਧ ਤੇ ਹੰਕਾਰ ਭਰੇ ਕੁਬਚਨ ਹੀ ਨਿਕਲਦੇ ਹਨ। ਉਹਨਾਂ ਦੇ ਅਖ਼ਤਿਆਰ ਕੁਝ ਨਹੀਂ ਰਹਿੰਦਾ,ਨਾ ਉਨ੍ਹਾਂ ਮਦਹੋਸ਼ਾਂ ਨੂੰ ਕੁਝ ਪਤਾ ਰਹਿੰਦਾ ਹੈ ਕਿ ਮੂੰਹੋਂ ਕੀ ਬੋਲਣਾ ਹੈ ਤੇ ਕੀ ਨਹੀਂ ਬੋਲਣਾ । ਉਹ ਕੁਬੋਲ ਕੁਬਚਨ ਬੋਲਣ ਲਗੇ ਥਾਉਂ ਕੁਥਾਉਂ ਵੀ ਨਹੀਂ ਦੇਖਦੇ । ਉਹ ਲੋਭ ਵਿਕਾਰ ਦੇ ਗ੍ਰਸੇ ਹੋਏ, ਨਿਜ-ਲੋਭ ਵਿਕਾਰੀ ਕੁ-ਵਿਚਾਰ ਹੀ ਮੂੰਹੋਂ ਕਢਦੇ ਹਨ । ਉਹ ਆਪਣੇ ਸੁਆਰਥ ਦੀਆਂ ਗੱਲਾਂ ਹੀ ਮੂੰਹੋਂ ਕਢਦੇ ਹਨ । ਸਾਰੀ ਆਯੂ ਹੀ ਉਨ੍ਹਾਂ ਦੀ ਏਨ੍ਹਾਂ ਗੱਲਾਂ ਵਿਚ ਬੀਤ ਜਾਂਦੀ ਹੈ । ਅੰਤ ਵੇਲੇ ਉਹ ਜਮ ਜੰਦਾਰ ਦੀਆਂ ਚੋਟਾਂ ਖਾਂਦੇ ਹਨ ਤੇ ਅਗਲੀ ਦਰਗਾਹ ਵਿਚ ਉਨ੍ਹਾਂ ਤੋਂ ਲੇਖਾ ਮੰਗਿਆ ਜਾਂਦਾ ਹੈ ਤੇ ਅਗਲੀ ਦਰਗਾਹ ਤਿਨ੍ਹਾਂ ਨੂੰ ਮਾਰ ਕੇ


www.AKJ.Org

ਖੁਆਰ ਕੀਤਾ ਜਾਂਦਾ ਹੈ। ਕਿਉਂਕਿ ਲੇਖਾ ਉਹ ਦੇ ਨਹੀਂ ਸਕਦੇ, ਇਸ ਲਈ ਕੂੜ ਨਿਖੁਟੇ ਦਾ ਸਦਾ ਲੇਖਾ ਲਿਆ ਹੀ ਲਿਆ ਜਾਵੇਗਾ :—

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥ (੧੩)
ਵਾਰ ਰਾਮਕਲੀ ਮ: ੧, ਪੰਨਾ ੯੫੩

ਏਸ ਗੁਰਵਾਕ ਵਿਚ ਗੁਰੂ ਨਾਨਕ ਸਾਹਿਬ ਸਾਰਿਆਂ ਜਗਿਆਸੂਆਂ ਨੂੰ ਸੰਬੋਧਨ ਕਰ ਕੇ ਸੱਚੀ ਸਿਖਿਆ ਦਿੰਦੇ ਹਨ। ਇਸ ਵਿਚ ਗੁਰੂ ਸਾਹਿਬ ਨੇ ਜੋ ਕੁਝ ਉਚਰਿਆ ਹੈ, ਉਹ ਅੱਖਰ ਅੱਖਰ ਸੱਚ ਤੇ ਸਹੀ ਹੈ। ਇਸ ਵਿਚ ਸੰਦੇਹ-ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ।

ਏਸ ਦੁਨੀਆ ਵਿਚ ਕੀਤੇ ਕਰਮਾਂ ਦਾ ਲੇਖਾ ਅਗਲੀ ਦਰਗਾਹ ਅੰਦਰ ਜ਼ਰੂਰ ਦੇਣਾ ਹੈ, ਲੇਖਾ ਹੋਇ ਬਿਨਾਂ ਰਹਿਣਾ ਨਹੀਂ। ਧਰਮਰਾਇ ਦੇ ਰਾਹੀਂ, ਧਰਮਰਾਇ ਦਾ ਰੂਪ ਧਾਰ ਕੇ ਪਰਮੇਸ਼ਰ ਆਪ ਸਭਨਾਂ ਦਾ ਲੇਖਾ ਮੰਗੇਗਾ। ਅਗਲੀ ਦਰਗਾਹ ਵਿਚ ਰੱਬ ਨੇ ਧਰਮਰਾਇ ਦੀ ਕਚਹਿਰੀ ਬਣਾਈ ਹੋਈ ਹੈ ਤੇ ਧਰਮਰਾਇ ਦੇ ਪਾਸ ਵਹੀ ਰਖੀ ਹੋਈ ਹੈ, ਜਿਸ ਉਤੇ ਹਰ ਇਕ ਜੀਵ ਦੇ ਇਕ ਇਕ ਕਰਮ ਦਾ ਲੇਖਾ ਲਿਖਿਆ ਹੋਇਆ ਹੈ। ਜਿਨ੍ਹਾਂ ਆਕੀਆਂ ਨੇ ਰੱਬ ਰਜ਼ਾਈ ਦੇ ਗੁਰਮਤਿ ਰਜ਼ਾਕਾਰੀ ਹੁਕਮ ਨਹੀਂ ਮੰਨੇ, ਤਿਨ੍ਹਾਂ ਨੂੰ ਧਰਮਰਾਇ ਦੀ ਦਰਗਾਹ ਵਿਚ ਤਲਬਾਂ ਪੈਣਗੀਆਂ, ਜ਼ਰੂਰ ਪੈਣਗੀਆਂ। ਜਿਨ੍ਹਾਂ ਦੀ ਰਿਣ ਕਰੰਮੀ ਬਾਕੀ ਰਹੀ, ਧਰਮਰਾਇ ਦੀ ਵਹੀ ਵਿਚ ਦਰਜ ਹੈ, ਅਰਥਾਤ ਉਸ ਦੇ ਦਫ਼ਤਰ ਵਿਚ ਦਰਜ ਹੈ, ਤਿਨ੍ਹਾਂ ਨੂੰ ਜ਼ਰੂਰ ਤਲਬਾਂ ਪੈਣਗੀਆਂ। ਅਜ਼ਰਾਈਲ ਸਾਰਖੇ ਜਮਦੂਤ ਫ਼ਰਿਸ਼ਤੇ ਉਨ੍ਹਾਂ ਨੂੰ ਪਕੜ ਪਕੜ ਕੇ ਧਰਮਰਾਇ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨਗੇ। ਉਨ੍ਹਾਂ ਨੂੰ ਉਸ ਭੀੜੀ ਗਲੀ ਵਿਚੋਂ ਨਸਣ ਭਜਣ ਦਾ ਰਾਹ ਭੀ ਕੋਈ ਨਹੀਂ ਦਿਸੇਗਾ, ਨ ਸੁਝੇਗਾ। ਕੂੜਿਆਰਾਂ ਦੀਆਂ ਸਭ ਸਿਆਣਪਾਂ ਚਤਰਾਈਆਂ ਨਿਖੁਟ ਜਾਣਗੀਆਂ। ਸਭ ਕੂੜਿਆਰ ਨਿਖੁਟ ਜਾਣਗੇ, ਕੂੜ ਭੀ ਨਿਖੁਟ ਜਾਵੇਗਾ, ਓੜਕ ਸਚ ਤੇ ਸਚਿਆਰਾਂ ਨੇ ਹੀ ਕਾਇਮ ਦਾਇਮ ਰਹਿਣਾ ਹੈ। ਇਹ ਸਚ-ਵਰਤਾਰੀਏ ਬਚਨ ਹਨ ਗੁਰੂ ਨਾਨਕ ਸਾਹਿਬ ਜੀ ਦੇ, ਜਿਨ੍ਹਾਂ ਨੇ ਜ਼ਰੂਰ ਵਰਤ ਕੇ ਰਹਿਣਾ ਹੈ, ਕਦੇ ਆਹਲੇ ਨਹੀਂ ਜਾਣਾ। ਏਸ ਉਪ੍ਰੋਕਤ ਵਾਕ ਵਿਚ ਜੋ ਜੋ ਕੁਝ ਭੀ ਉਚਾਰਣ ਹੋਇਆ ਹੈ, ਸੋ ਸਭ ਸਹੀ ਅਤੇ ਪੱਥਰ ਤੇ ਲੀਕ ਹੈ, ਪੱਕੀ ਤਸਦੀਕ ਹੈ। ਬਸ !

ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ ॥੧॥(੧੨)
ਸਲੋਕ ਮ: ੫, ਪੰਨਾ ੯੬੩

ਦੇ ਗੁਰਵਾਕ ਅਨੁਸਾਰ ਗੁਰੂ ਨਾਨਕ ਦੇ ਘਰਿ ਦਰਿ ਦਰਸਾਇਆ ਗੁਰਮਤਿ ਨਾਮ ਜਪ ਕੇ ਹੀ ਅਗਲੀ ਦਰਗਾਹੇ ਜਾ ਕੇ ਥਾਉਂ ਮਿਲਦਾ ਹੈ ਅਤੇ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਵਿਛੜਿਆਂ ਨੂੰ ਪ੍ਰਭੂ ਨਾਲਿ ਮੇਲਣਹਾਰ ਹਰਿ ਦਰਗਾਹ ਦਾ ਸਚਾ ਬਸੀਠ (ਵਿਚੋਲਾ) ਸਤਿਗੁਰੂ ਆਪ ਹੀ ਹੈ।

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥...੧॥(੧)
ਰਾਮਕਲੀ ਕੀ ਵਾਰ, ਸਲੋਕ ਮ: ੫, ਪੰਨਾ ੯੫੭

ਇਹ ਗੁਰੂ ਅਰਜਨ ਸਾਹਿਬ ਪੰਚਮ ਪਾਤਸ਼ਾਹ ਦੀ ਸਚ ਸਦਾਕਤੀ ਸ਼ਹਾਦਤ ਹੈ। ਅਗਲੀ ਦਰਗਾਹ ਵਿਚ ਬਸੀਠੀ ਕਰਨ ਵਾਲਾ ਕੇਵਲ ਸਤਿਗੁਰੂ ਹੀ ਹੈ। ਸਚੇ ਸਤਿਗੁਰੂ ਦੇ ਸਚੇ ਹੁਕਮ ਦੇ ਅਨੁਸਾਰੀ ਜੋ ਜੋ ਜਨ ਹੋਏ ਹਨ ਤੇ ਜਿਨ੍ਹਾਂ ਨੇ ਕਰਤਾਰ ਦੀ ਹੁਕਮ ਰਜ਼ਾ ਵਾਲੀ ਗੱਲ ਮੰਨੀ ਹੈ ਅਤੇ ਭਲੀ ਕਰਕੇ ਮੰਨੀ ਹੈ ਤਿਨ੍ਹਾਂ ਨੇ ਹੀ


www.AKJ.Org

ਖਸਮ ਨੂੰ ਸਚ ਕਰਕੇ ਪਛਾਣਿਆ ਹੈ, ਸੋਈ ਸਚੀ ਦਰਗਾਹ ਦੇ ਸਚੇ ਮੱਲ ਭਏ ਹਨ। ਤਿਨ੍ਹਾਂ ਨੇ ਸਚੇ ਦੀ ਸਚੀ ਦਰਗਾਹ ਐਸੀ ਮੱਲੀ ਹੈ ਕਿ ਸਚੀ ਦਰਗਾਹ ਮੱਲ ਕੇ ਕਦੇ ਨਹੀਂ ਹੱਲੇ ਅਤੇ ਅਜ਼ਲ ਤੇ ਅਬਦ ਤਕ ਮੱਲ ਮੱਲੀ ਹੀ ਰਖਣਗੇ। ਯਥਾ:—

ਜੋ ਕੀਨੀ ਕਰਤਾਰਿ ਸਾਈ ਭਲੀ ਗਲ ॥ ਜਿਨੀ ਪਛਾਤਾ ਖਸਮੁ ਸੇ ਦਰਗਾਹ ਮਲ ॥.. ॥੧੬॥

ਵਾਰ ਰਾਮਕਲੀ ਮ: ੫, ਪੰਨਾ ੯੬੪

ਪਖੰਡੀਆਂ ਸਾਕਤ ਜਨਾਂ ਦਾ ਅਗਲੀ ਦਰਗਾਹ ਇਹ ਹਾਲ ਹੋਵੇਗਾ :—

ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ ਜਮਕਾਲੁ ਖੜਾ ਸਿਰਿ ਮਾਰੇ ॥੪॥.....
ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ ॥੬॥(੮॥੨॥)

ਨਟ ਅਸਟ: ਮ: ੪, ਪੰਨਾ ੯੮੧

ਡਿਠਾ ਜੀ ! ਸਾਕਤ ਨਰਾਂ, ਲੋਭੀਆਂ, ਪਖੰਡੀਆਂ ਨੂੰ ਜਮ ਜੰਦਾਰ ਦੇ ਦਰ ਤੇ ਭੁਖਣ ਭੁੱਖੇ, ਦੁਖਦਾਈ ਮਾਰਾਂ ਖਾਂਦੇ ਹੋਏ, ਖਲੋਵਣਾ ਹੋਵੇਗਾ। ਤਿਨ੍ਹਾਂ ਦੇ ਹਲਤ ਪਲਤ ਦੋਵੇਂ ਦੁਖਦਾਈ ਹੋਣਗੇ। ਓਦੋਂ ਹੀ ਪਤਾ ਲਗੇਗਾ, ਜਦੋਂ ਮਰਨ ਤੋਂ ਪਿਛੋਂ ਅਗੇ ਜਮਾਂ ਦੀ ਮਾਰ ਪਵੇਗੀ। ਏਹਨਾਂ ਘਟਨਾਵਾਂ ਤੋਂ ਅਵੇਸਲੇ ਬੇਖ਼ਬਰੇ ਹੋਏ ਵੇ ਸਾਕਤ ਨਰ ਮਨੁਖਾ ਦੇਹ ਧਾਰ ਕੇ ਪਾਪ ਕਰਮ ਕਰੀ ਜਾਂਦੇ ਹਨ। ਅਤੇ ਐਸੇ ਪਰਵਿਰਤ ਹੁੰਦੇ ਹਨ ਪਾਪ ਕੰਰਮਾਂ ਵਿਚ, ਕਿ ਉਹਨਾਂ ਦੀ ਅੱਖ ਹੀ ਨਹੀਂ ਉਘੜਦੀ। ਅੱਖ ਤਾਂ ਤਦੇ ਹੀ ਉਘੜੇ ਜੇ ਗੁਰੂ ਕੀ ਸਿੱਖਿਆ ਸੁਣਨ, ਤੇ ਸੁਣ ਕੇ ਸਤਿ ਸਤਿ ਕਰਕੇ ਮੰਨਣ। ਜੇ ਉਨ੍ਹਾਂ ਨੂੰ ਉਪਰਲੀ ਦਰਗਾਹ ਦਾ ਖ਼ੌਫ਼ ਹੋਵੇ ਤਾਂ ਉਹ ਪਾਪ ਕਰਮ, ਲੋਭ, ਪਾਖੰਡ ਵਿਕਾਰਾਂ ਤੋਂ ਬਚਣ। ਲਾ-ਮਜ਼ਹਬ, ਦਹਿਰੀਏ, ਨਾਸਤਕ, ਸਾਕਤ ਪੁਰਸ਼ਾਂ ਦਾ ਇਖ਼ਲਾਕ ਹੋ ਹੀ ਨਹੀਂ ਸਕਦਾ। ਜਿਨ੍ਹਾਂ ਨੂੰ ਖ਼ੁਦਾ ਦਾ ਖ਼ੌਫ਼ ਨਹੀਂ, ਜਿਨ੍ਹਾਂ ਨੂੰ ਭੈ ਕੀ ਬਿੰਦ ਨਹੀਂ, ਜਿਨ੍ਹਾਂ ਨੂੰ ਅਗਲੀ ਦੁਨੀਆ, ਪਾਰਲੀ ਦਰਗਾਹ ਦਾ ਨਿਸਚਾ ਨਹੀਂ, ਤਿਨ੍ਹਾਂ ਨੇ ਤਾਂ ਬਸ, ਬੇ-ਦਰੇਗ਼ ਮੰਦ ਕਰਮਾਂ ਵਿਚ ਹੀ ਰੱਚਤ ਖੱਚਤ ਹੋਣਾ ਹੈ :—

ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥
ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥
ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥ (੮॥੩)

ਮਾਰੂ ਮ: ੧, ਪੰਨਾ ੧੦੧੦

ਇਹ ਉਪਰਲਾ ਗੁਰਵਾਕ ਕੌਂਸੀ ਸੂਝ ਸੁਝਾਉਂਦਾ ਹੈ। ਜਿਨ੍ਹਾਂ ਨੇ ਨਾਮ ਵਿਸਾਰ ਦਿਤਾ ਹੈ, ਉਨ੍ਹਾਂ ਦਾ ਏਸ ਸੰਸਾਰ ਵਿਚ ਆਉਣਾ ਬੇਅਰਥ ਤੇ ਅਕਾਰਥ ਹੀ ਹੈ। ਉਹ ਏਸ ਸੰਸਾਰ ਵਿਚ ਕਾਹਨੂੰ ਆਏ ? ਕੀ ਖੁੜਿਆ ਪਿਆ ਸੀ, ਉਨ੍ਹਾਂ ਦੇ ਏਥੇ ਆਉਣ ਖੁਣੋਂ ? ਉਨ੍ਹਾਂ ਨਾਮ ਵਿਹੂਣਿਆਂ ਨੂੰ ਅਗੇ ਪਿਛੇ, ਏਸ ਲੋਕ ਤੇ ਪਰਲੋਕ ਵਿਚ, ਕਿਤੇ ਤੇ ਕਦੇ ਸੁਖ ਮਿਲਣਾ ਨਹੀਂ। ਗੁਰਮਤਿ ਗੁਣ ਵਿਹੂਣੇ, ਨਾਮ ਧਖਨੂਣੇ ਮਾਣੂ ਕੋਈ ਮਨੁਖ ਯਾ ਇਨਸਾਨ ਹਨ ? ਓਹ ਤਾਂ ਛਾਰ (ਮਿੱਟੀ) ਦੇ ਲੱਦੇ ਹੋਏ ਗਡੇ ਸਮਾਨ ਹਨ। ਛਾਰ ਉਡਾ ਕੇ, ਤੇ ਛਾਰ ਉਡਾਉਂਦੇ ਹੀ ਚਲੇ ਜਾਣਗੇ; ਪ੍ਰਮਾਰਥ ਦੀ ਤਿਨ੍ਹਾਂ ਨੂੰ ਸਾਰ ਹੀ ਕਦੇ ਨਹੀਂ ਹੋਣੀ, ਵਿਛੜਿਆਂ ਦਾ ਕਦੇ ਮੇਲਾ ਹੋਣਾ ਹੀ ਨਹੀਂ। ਓਨ੍ਹਾਂ ਨੂੰ ਅਗੇ ਜਮ ਦੇ ਦੁਆਰੇ ਜਾ ਕੇ ਘਣੇ ਦੁਖ ਸਹਿਣੇ ਪੈਣਗੇ :—

ਗੁਰਮੁਖਿ ਜਿਨੀ ਨਾਮੁ ਨ ਪਾਇਆ ॥ ਮਨਮੁਖਿ ਬਿਰਥਾ ਜਨਮੁ ਗਵਾਇਆ ॥
ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ ॥੯॥ (੧੦॥੧)

ਮਾਰੂ ਮ: ੩ ਅਸਟ: ਘਰ ੫, ਪੰਨਾ ੧੦੧੬

[ਛਪ ਰਹੀ ਪੁਸਤਕ "ਅਣਡਿਠੀ ਦੁਨੀਆ" ਵਿਚੋਂ] (ਚਲਦਾ)


www.AKJ.Org

# ਹਭੇ ਟੋਲ ਸੁਹਾਵਣੇ.........

# .........ਸਭੇ ਟੋਲ ਵਿਣਾਸੁ

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਹਭੇ ਟੋਲ ਸੁਹਾਵਣੇ
ਸਹੁ ਬੈਠਾ ਅੰਙਣੁ ਮਲਿ ॥
ਪਹੀ ਨ ਵੰਞੈ ਬਿਰਥੜਾ
ਜੋ ਘਰਿ ਆਵੈ ਚਲਿ ॥੨॥੩॥
[ਮਾਰੂ ਡਖਣਾ ਮ: ੫,
ਪੰਨਾ ੧੦੯੫

ਕਿਆ ਖਾਧੈ ਕਿਆ ਪੈਧੈ ਹੋਇ ॥
ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ
ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ
ਕੀਜਹਿ ਭੋਗ ਬਿਲਾਸ ॥
ਕਿਆ ਲਸਕਰ ਕਿਆ ਨੇਬ ਖਵਾਸੀ
ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ
**ਸਭੇ ਟੋਲ ਵਿਣਾਸੁ ॥੨॥੧੦॥**
ਮ: ੧, ਪੰਨਾ ੧੪੨

ਜੀਵਨ ਦੀ ਪ੍ਰਗਤੀ ਅਤੇ ਸਫਲਤਾ ਦਾ ਨਿਰਭਰ ਮਨੁਖ ਦੇ ਮਾਨਸਿਕ ਵਿਕਾਸ ਉਤੇ ਹੈ। ਮਨੁਖ ਜੋਤਿ ਸਰੂਪ ਹੈ। ਇਹ ਰਾਮ ਕੀ ਅੰਸ ਹੈ। ਜੇ ਇਹ ਸਤਿਗੁਰਾਂ ਦੇ ਭਾਣੇ ਵਿਚ ਚਲ ਕੇ ਆਪਣੇ ਨਿਜ ਸਰੂਪ ਨੂੰ ਪਛਾਣ ਲਵੇ ਤਾਂ ਇਸ ਨੂੰ "ਨਿਜ ਘਰ" ਵਿਚ ਵਾਸਾ ਮਿਲਦਾ ਹੈ, ਜਿਥੇ ਭੁੰਚਣ ਨੂੰ ਅੰਮ੍ਰਿਤ-ਭੋਜਨ ਮਿਲਦਾ ਹੈ। ਇਹ ਅਵਸਥਾ ਖੇੜੇ, ਵਿਗਾਸ ਤੇ ਅਨੰਦ ਦੀ ਹੈ। ਇਹ "ਸਤਿ ਸੁਹਾਣੁ ਸਦਾ ਮਨਿ ਚਾਉ"* ਦੀ ਅਵਸਥਾ ਹੈ।

ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ਰਹਾਉ॥
ਸਿਰੀ ਰਾਗੁ ਮ: ੩, ਪੰਨਾ ੩੭

ਇਸ ਦੇ ਉਲਟ "ਨਿਜ ਸਰੂਪ" ਦੀ ਪਛਾਣ ਤੋਂ ਵਾਂਜਾ ਮਨੁਖ ਸਦਾ ਭਟਕਣਾ ਵਿਚ ਰਹਿੰਦਾ ਹੈ। ਭਰਮ-ਗ੍ਰਸੀ ਅਵਸਥਾ ਵਿਚ ਭਟਕਣਾ ਤੋਂ ਸਿਵਾ ਹੋਰ ਕੁਝ ਵੀ ਪਲੇ ਨਹੀਂ ਪੈਂਦਾ। ਇਹ ਅਵਸਥਾ ਹੈ ਚਿੰਤਾ, ਤੋਖਲੇ ਅਤੇ ਥੁੜ ਦੀ, ਭਾਵੇਂ ਸਭ ਕੁਝ ਪ੍ਰਾਪਤ ਹੋਵੇ।

ਉਪਰੋਕਤ ਪਰਸਪਰ ਵਿਰੋਧੀ ਮਨੁਖੀ ਅਵਸਥਾਵਾਂ ਦੇ ਸ਼ਬਦੀ-ਚਿਤਰ ਚਿਤਰਨ ਦਾ ਇਸ ਲੇਖ ਵਿਚ ਨਿਮਾਣਾ ਜਿਹਾ ਜਤਨ ਕੀਤਾ ਗਿਆ ਹੈ।

ਮਨੁਖ ਦੇ ਪੰਜ-ਭੂਤਕ ਪੁਤਲੇ ਨੂੰ ਚਲਾਉਣ ਵਾਲੀ ਇਕ ਸੂਖਮ-ਸਤਾ ਹੈ। ਇਹ ਹੈ ਆਤਮਾ। ਆਤਮਾ 'ਰਾਮ ਕੀ ਅੰਸ' ਹੈ। ਆਤਮਾ ਪੰਜਾਂ ਤੱਤਾਂ ਦੀ ਮੜੋਲੀ ਵਿਚ ਰਹਿੰਦੀ ਹੋਈ ਵੀ ਇਹਨਾਂ ਤੋਂ ਨਿਰਲੇਪ ਹੈ। ਪੰਜ-ਭੂਤਕ ਸਰੀਰ-ਮੜੋਲੀ ਦੇ ਵਿਕਾਸ ਤੇ ਸੁਖ ਲਈ ਜਿਵੇਂ ਮਾਇਕ ਪਦਾਰਥਾਂ ਦੀ ਲੋੜ ਹੁੰਦੀ ਹੈ ਤਿਵੇਂ ਹੀ ਆਤਮਕ ਵਿਕਾਸ ਤੇ ਵਿਗਾਸ ਲਈ ਅਧਿਆਤਮਕ ਖ਼ੁਰਾਕ ਦੀ ਅਵੱਸ਼ਕਤਾ ਹੈ। ਜੇ ਮਨੁਖ ਨੂੰ ਸਰੀਰਕ ਤੇ ਆਤਮਿਕ

* ਜਪੁਜੀ, ਪਉੜੀ ੨੧


www.AKJ.Org

ਦੋਵੇਂ ਕਿਸਮ ਦੀ ਖ਼ੁਰਾਕ ਮਿਲਦੀ ਰਹੇ ਤਾਂ ਮਨੁਖੀ ਜੀਵਨ ਦਾ ਸਮੁਚਾ ਵਿਕਾਸ ਸੰਭਵ ਹੈ। ਗੁਰਬਾਣੀ ਵਿਚ ਮਨੁਖੀ ਸਰੀਰ ਨੂੰ ਤੇਜਨਿ (ਘੋੜੀ) ਕਰਕੇ ਵਰਣਾਇਆ ਗਿਆ ਹੈ। ਇਹ ਸੁੰਦਰ ਤੇ ਸਡੌਲ ਦੇਹ-ਘੋੜੀ 'ਆਤਮਾ' ਦੀ ਸਵਾਰੀ ਲਈ ਕਰਤਾ ਪੁਰਖ ਜੀ ਨੇ ਬਣਾਈ ਹੈ। ਸਵਾਰੀ ਦਾ ਸਵਾਦ ਤਾਂ ਹੀ ਆ ਸਕਦਾ ਹੈ ਜ਼ੇ ਸਵਾਰ ਵੀ ਬਲਵਾਨ ਤੇ ਸੂਝਵਾਨ ਹੋਵੇ ਅਤੇ ਘੋੜੀ ਵੀ ਸੁੰਦਰ ਤੇ ਸਡੌਲ।

ਸੋ ਸੁਚੱਜੀ ਤੇ ਸਫਲ ਮਨੁਖੀ ਜੀਵਨ-ਯਾਤਰਾ ਲਈ ਇਹ ਅਤੀਅੰਤ ਜ਼ਰੂਰੀ ਹੈ ਕਿ ਸਰੀਰ ਨੂੰ ਵੀ ਅੱਛੀ ਖ਼ੁਰਾਕ ਤੇ ਪੁਸ਼ਾਕ ਦਿਤੀ ਜਾਵੇ ਅਤੇ ਆਤਮਾ ਨੂੰ ਵੀ ਇਸ਼ ਦਾ ਲੋੜੀਂਦਾ ਭੋਜਨ ਭੁੰਚਾਇਆ ਜਾਵੇ, ਜਿਸ ਦਾ ਜ਼ਿਕਰ ਸ੍ਰੀ ਸੁਖਮਨੀ ਸਾਹਿਬ ਵਿਚ ਗੁਰਦੇਵ ਜੀ ਨੇ ਕੀਤਾ ਹੈ—

ਸਿਮਰਿ ਸਿਮਰਿ ਨਾਮੁ ਬਾਰੰਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥੨॥੨੪॥

ਸੁਖਮਨੀ ਸਾਹਿਬ, ਪੰਨਾ ੨੯੫

ਜੇ ਸਰੀਰ ਨੂੰ ਇਕ ਕੋਠਾ ਕਿਹਾ ਜਾਵੇ ਤਾਂ ਆਤਮਾ ਇਸ ਕੋਠੇ ਵਿਚ ਵਸਣ ਵਾਲੀ ਸਜੀਵ ਹਸਤੀ ਹੈ। ਕੋਠੇ ਦੀ ਲੇਪਾ-ਪੋਚੀ ਇਸ ਦੇ ਅੰਦਰ ਵਸਣ ਵਾਲੇ ਦੇ ਸੁਖ ਅਨੰਦ ਲਈ ਜ਼ਰੂਰੀ ਹੁੰਦੀ ਹੈ ਤੇ ਐਸਾ ਕਰਨਾ ਉਸ ਹਸਤੀ ਦੇ ਸਤਿਕਾਰ ਤੇ ਪਿਆਰ ਦਾ ਹੀ ਸੂਚਕ ਹੁੰਦਾ ਹੈ। ਇਸੇ ਲਈ ਗੁਰਦੇਵ ਜੀ ਨੇ ਸਰੀਰ ਨੂੰ ਪਾਲਣ ਪੋਸਣ ਤੇ ਸੰਭਾਲਣ ਦੀ ਪ੍ਰੇਰਨਾ ਗੁਰਬਾਣੀ ਵਿਚ ਥਾਂ-ਪਰ-ਥਾਂ ਬਖਸ਼ੀ ਹੈ, ਤਾਂ ਜੁ ਇਸ ਵਿਚ ਵਸਦੀ ਆਤਮਾ ਨਿਜ-ਸੁਖ ਦੇ ਅਨੰਦ ਵਿਚ ਹਰਦਮ ਮਖਮੂਰ ਰਹੇ।

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥੧੪॥

ਮ: ੫, ਬਿਹਾਗੜੇ ਕੀ ਵਾਰ, ਪੰਨਾ ੫੫੪

ਭਲਾ ਜਿਸ ਮਨੁਖ ਨੇ ਨਾਮ ਜਪਣਾ ਹੈ, ਸਚੇ ਸਾਹਿਬ ਰਾਜਾਨ ਰਾਜ ਦੀ ਸਚੀ ਕਾਰ ਕਰਨੀ ਹੈ, ਉਹ ਕਿਉਂ ਭੁਖਾ ਜਾਂ ਨੰਗਾ ਰਹੇ, ਉਹ ਕਿਉਂ ਤਨ ਨੂੰ ਸਾੜੇ ਸੁਕਾਵੇ। ਉਹ ਮਾਤ ਲੋਕ ਵਿਚ ਕੋਈ ਸਜ਼ਾ ਭੁਗਤਣ ਥੋੜਾ ਆਇਆ ਹੈ। ਉਸ ਨੂੰ ਭਲਾ ਕਿਸੇ ਦੋਸ਼ ਦੇ ਬਦਲੇ ਸੁਰਗਾਂ ਚੋਂ ਧਕਾ ਦੇ ਕੇ ਇਥੇ ਭੇਜਿਆ ਗਿਆ ਹੈ? ਨਹੀਂ। ਹਰਗਿਜ਼ ਨਹੀਂ। ਉਹ ਹੁਕਮੀ ਬੰਦਾ ਹੈ, ਜੋ ਰੱਬੀ ਰਜ਼ਾ ਅੰਦਰ ਇਥੇ ਆਇਆ ਹੈ। ਉਸ ਨੇ ਰੱਬੀ ਹੁਕਮ ਅੰਦਰ ਕਾਰ ਕਰਨੀ ਹੈ ਅਤੇ ਰਜ਼ਾ ਅਨੁਸਾਰ ਇਥੋਂ ਕਮਰਕੱਸੇ ਕਰ ਲੈਣੇ ਹਨ। ਯਥਾ ਗੁਰਵਾਕ—

ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ ॥੧੦॥੭॥

ਰਾਮਕਲੀ ਮ: ੧, ਪੰਨਾ ੯੦੭

ਉਹ (ਨਾਮੀ—ਹੁਕਮੀ-ਬੰਦਾ) ਇਸ ਰੰਗ-ਬਰੰਗੇ ਸੁੰਦਰ ਬਗੀਚੇ (ਸੰਸਾਰ) ਦਾ ਮਾਲੀ ਥਾਪਿਆ ਗਿਆ ਹੈ, ਜਿਸ ਨੇ ਇਸ ਮਾਤ-ਲੋਕ-ਬਗੀਚੇ ਨੂੰ ਸੰਵਾਰਨਾ ਤੇ ਸ਼ਿੰਗਾਰਨਾ ਹੈ। ਬੂਟਿਆਂ ਨੂੰ ਹਰੇ ਭਰੇ ਰਖਣ ਲਈ ਇਸ ਨੇ ਅੰਮ੍ਰਿਤ-ਜਲ ਸਿੰਜਣਾ ਹੈ। ਕੜਕਦੀਆਂ ਧੁੱਪਾਂ ਅਤੇ ਹੱਡ-ਭੰਨਵੇਂ ਸਿਆਲੇ ਵਿਚ ਵੀ ਇਸ ਨੇ ਸੇਵਾਦਾਰੀ ਨਿਭਾਉਣੀ ਹੈ। ਧਰਤੀ ਭਾਵੇਂ ਕਰੜੀ ਤੇ ਬੰਜਰ ਹੈ, ਪਾਣੀ ਵੀ ਨੇੜੇ ਤੇੜੇ ਕਿਧਰੇ ਨਹੀਂ, ਪਰ ਇਸ ਦੂਲੇ ਮਰਦਾਨ ਮਰਦ ਦੀ ਹਿੰਮਤ ਤੇ ਸ਼ਕਤੀ ਵੀ ਅਥਾਹ ਅਤੇ ਅਮੁੱਕ ਹੈ। ਸਰੀਰਕ ਤੇ ਸਮਾਜਕ ਧਰਤੀ ਗੋਡਣ ਲਈ ਇਸ ਨੇ ਕਾਮ ਤੇ ਕਰੋਧ ਦੀਆਂ ਤੇਜ਼ ਧਾਰਾਂ ਨੂੰ ਸੋਧ ਪ੍ਰਬੋਧ ਕੇ ਰੰਬਾ ਬਣਾਇਆ ਹੈ। ਇਹ ਰੰਬਾ ਰੱਬੀ-ਰਹਿਮਤ ਦਾ ਕਮਾਲ ਹੈ। ਅਨੋਖੇ ਮਾਲੀ ਨੇ ਇਸ ਦੋ-ਧਾਰੇ ਰੰਬੇ ਨਾਲ ਧਰਤੀ ਨੂੰ ਗੋਡਣਾ ਹੈ। ਇਸ ਗੁਡਾਈ ਨਾਲ ਫੁਲਦਾਰ ਤੇ ਫਲਦਾਰ ਬੂਟਿਆਂ (ਸਤ, ਸੰਤੋਖ, ਦਇਆ, ਧਰਮ, ਧੀਰਜ ਆਦਿ) ਨੂੰ ਤਾਂ ਤਾਕਤ ਮਿਲਣੀ ਹੈ ਤੇ ਦੂਜੇ ਪਾਸੇ ਧਰਤੀ ਤੇ ਉਗਿਆ ਨਦੀਨ, ਘਾਸ ਫੂਸ ਆਦਿ (ਝੂਠ, ਤ੍ਰਿਸ਼ਨਾ, ਅਹਿੰਸਾ, ਅਹੰਕਾਰ ਆਦਿ) ਨੇ ਜੜੋਂ ਪੁਟਿਆ ਜਾਣਾ ਹੈ। ਯਥਾ ਗੁਰਵਾਕ—


www.AKJ.Org

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥
ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥੯॥
ਮਹਲਾ ੧ ਬਸੰਤੁ ਹਿੰਡੋਲ ਘਰੁ ੨, ਪੰਨਾ ੧੧੭੧

ਵਾਹ ਵਾਹ ਅਨੋਖੇ ਮਾਲੀ ! ਤੂੰ ਸੰਸਾਰ ਉਤੇ ਸੁੰਦਰਤਾ, ਕੋਮਲਤਾ ਤੇ ਖੇੜੇ ਦਾ ਦਾਤਾ ਹੈਂ। ਤੂੰ ਨਿਰੰਤਰ, ਮਾਲਕ ਦੀ ਕਾਰ ਕਮਾ ਕੇ ਵਿਗਸਦਾ ਹੈਂ ਤੇ ਤੇਰੀ ਘਾਲਣਾ ਨਾਲ ਇਹ ਸੁੰਦਰ ਬੂਟੇ ਮਉਲਦੇ ਹਨ ਅਤੇ ਆਪਣਾ ਖੇੜਾ ਫਲਾਂ ਤੇ ਫੁਲਾਂ ਦੇ ਰੂਪ ਵਿਚ ਪ੍ਰਗਟ ਕਰਦੇ ਹਨ। ਤੇਰੇ ਬਾਗ ਵਿਚੋਂ 'ਸੰਤੋਖ' ਫਲ ਖਾਣ ਵਾਲਾ ਸਦਾ ਰਜਿਆ ਰਹਿੰਦਾ ਹੈ।

ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ ॥ (ਮਾਰੂ ਮ: ੫, ਪੰਨਾ ੧੦੧੯)

ਇਹ (ਨਾਮੀ—ਹੁਕਮੀ ਬੰਦਾ) ਸੰਸਾਰ ਦੇ ਅਮਨ ਦਾ ਰਾਖਾ ਹੈ। ਇਹ ਸ੍ਰਿਸ਼ਟੀ ਦਾ ਥਾਪਿਆ ਕੋਤਵਾਲ ਹੈ। ਇਥੇ ਇਸ ਦੀ ਡੀਊਟੀ ਲਾਈ ਗਈ ਹੈ ਇਕ ਐਸੇ ਹਲੇਮੀ ਰਾਜ ਸਥਾਪਿਤ ਕਰਨ ਦੀ, ਜਿਥੇ "ਸਾਧ ਸਮੂਹ ਪ੍ਰਸੰਨ ਫਿਰੈ ਜਗ ਸਤ੍ਰ ਸਭੈ ਅਵਲੋਕ ਚਪੈਂਗੇ" ਵਾਲਾ ਵਰਤਾਰਾ ਵਰਤੇਗਾ। ਇਸ ਦੇ ਅੰਦਰ ਅਥਾਹ ਬਲ ਹੈ, ਸਾਹਸ ਹੈ। ਇਸ ਨੂੰ ਮਹਾਂਬਲੀ ਸਤਿਗੁਰਾਂ ਨੇ ਥਾਪੜਾ ਦੇ ਕੇ ਅਸੀਸ ਬਖਸ਼ੀ ਹੈ—

ਤੁਝਹਿ ਨ ਜੋਹੈ ਕੋ ਮੀਤ ਜਨ, ਤੂੰ ਗੁਰ ਕਾ ਦਾਸ ॥
ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ ॥੧॥ਰਹਾਉ॥੭੩॥
ਬਿਲਾਵਲ ਮ: ੫, ਪੰਨਾ ੮੧੮

ਇਹ ਸੂਰਮਾ ਧੁਰ ਦਰਗਾਹੋਂ ਦੈਵੀ ਸੈਨਾ ਲੈ ਕੇ ਚੜ੍ਹਿਆ ਹੈ। ਮਨ-ਰਾਜੇ ਨੇ ਬੜੇ ਬੜੇ ਸੂਰਮਿਆਂ ਨੂੰ ਮਲ-ਦਲ ਕਰ ਕੇ ਆਪਣੇ ਅਧੀਨ ਕੀਤਾ ਹੋਇਆ ਹੈ, ਪਰ ਇਸ ਮਹਾਂ-ਜੋਧੇ ਸੂਰਮੇ ਅਗੇ ਮਨ-ਰਾਜਾ ਥਰ ਥਰ ਕੰਬਦਾ ਹੈ ਤੇ ਇਸ ਦਾ ਪਾਣੀ ਭਰਦਾ ਹੈ। ਇਹ ਹੁਣ ਵਿਸ਼ਵ-ਜੇਤੂ ਹੋ ਨਿਬੜਿਆ ਹੈ।

ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥੮॥
ਵਾਰ ਮਾਰੂ ਮ: ੩, ਪੰਨਾ ੧੦੮੯

ਵਾਹ ਗੁਸਾਈਂ ਦਿਆ ਬਾਂਕਿਆ ਪਹਿਲਵਾਨਾ ! ਤੇਰਾ ਦੁਮਾਲਾ ਅਕਾਸ਼ ਜਿਡਾ ਉਚਾ ਹੈ। ਤੇਰਾ ਸਾਹਸ ਹਿਮਾਲਾ ਤੋਂ ਮਜ਼ਬੂਤ ਹੈ। ਇਸ ਲਈ ਨਿਸਚੇ ਹੀ ਹਰ ਮੈਦਾਨ ਤੇਰੀ ਜੀਤ ਹੈ। ਕਿਸੇ ਦੀ ਕੀ ਮਜਾਲ ਕਿ ਹੁਣ ਕੋਈ ਤੇਰੇ ਅਗੇ ਬਿੜਕ ਸਕੇ। ਤੂੰ ਹੁਣ "ਹਰੀਫੁਲ ਸ਼ਿਕੰਨ", "ਹਿਰਾਸੁਲ ਫ਼ਿਕੰਨ", "ਗ਼ਨੀਮੁਲ ਖ਼ਿਰਾਜ" ਵਿਚ ਅੰਤਰ-ਆਤਮੇ ਅਭੇਦ ਹੋ ਕੇ ਉਸਦਾ ਹੀ ਸਰੂਪ ਬਣ ਗਿਆ ਹੈਂ।

ਵਾਹ ਧਰਮੀ ਜੀਊੜਿਆ ! ਤੇਰਾ ਧੰਨ ਜਨਮ ! ਤੇਰੀ ਧੰਨ ਕਮਾਈ !! ਤੇਰੇ ਹੋਠ ਸਦਾ ਵਾਹਿਗੁਰੂ ਦੇ ਸਿਮਰਨ ਵਿਚ ਫਰਕਦੇ ਰਹਿੰਦੇ ਹਨ। ਤੇਰਾ ਹੱਥ ਕਾਰ ਵਲ ਤੇ ਚਿਤ ਨਿਰੰਕਾਰ ਵਲ ਹੈ। ਤੂੰ ਮਹਾਨ ਕਰਮ-ਯੋਗੀ ਹੈਂ। ਤੇਰੇ ਮੁਬਾਰਕ ਸਰੀਰ ਨੂੰ ਸਤਿਗੁਰਾਂ ਨੇ 'ਹਰਿ ਮੰਦਰ' ਤੇ 'ਧਰਮ-ਧਾਮ' ਦੇ ਸੋਹਣੇ ਨਾਮ ਬਖਸ਼ੇ ਹਨ। ਸਚਮੁਚ ਤੇਰੀ 'ਦਸਤਾਰ', 'ਰਫ਼ਤਾਰ' ਤੇ 'ਗੁਫ਼ਤਾਰ' ਵਿਚੋਂ "ਗ਼ੈਬੁਲ ਗ਼ੈਬ" ਵਾਹਿਗੁਰੂ "ਜ਼ਾਹਰ ਜ਼ਹੂਰ" ਤੇ "ਹਾਜ਼ਰ ਹਜ਼ੂਰ" ਹੋ ਲਿਸ਼ਕਾਂ ਮਾਰਦਾ ਹੈ।

•

ਸਰੀਰ-ਹਰੀਮੰਦਿਰ ਦੇ ਨੌਂ ਦਰਵਾਜ਼ੇ ਹਨ। ਇਹ ਬਾਹਰਵਾਰ ਸੰਸਾਰ ਵਲ ਖੁਲ੍ਹਦੇ ਹਨ। ਬਾਹਰ ਦੀ ਤਾਜ਼ੀ ਹਵਾ, ਸੁੰਦਰ ਦ੍ਰਿਸ਼ ਤੇ ਸਵਾਦਿਸ਼ਟ ਖਾਨ ਪਾਨ ਇਨ੍ਹਾਂ ਦਰਵਾਜ਼ਿਆਂ ਰਾਹੀਂ ਹੀ ਮਾਣੇ ਜਾ ਸਕਦੇ ਹਨ; ਪਰ ਇਨ੍ਹਾਂ ਵਿਚ ਇਕ ਤਕੜਾ ਨੁਕਸ ਹੈ ਕਿ ਬਾਹਰ ਦਾ ਕੂੜਾ ਕਰਕਟ, ਗੰਦ-ਮੰਦ ਵੀ ਇਹਨਾਂ ਰਾਹੀਂ ਅੰਦਰ ਆ ਵੜਦਾ ਹੈ। ਪਰ ਤੇਰੀ ਸਿਆਣਪ ਤੋਂ ਸਦਕੇ ! ਤੂੰ ਹੁਣ ਇਹਨਾਂ ਦਰਵਾਜ਼ਿਆਂ ਅਗੇ 'ਸੰਜਮ' ਤੇ 'ਗੁਰੂ ਕੀ ਰਹਿਤ' ਦੇ ਸੁੰਦਰ ਪਰਦੇ ਲਾ ਦਿਤੇ ਹਨ। ਅਤੇ ਇਹ ਗੁਪਤ ਦਰਵਾਜ਼ਾ "ਦਸਮ ਦੁਆਰ", ਜੋ ਤੈਨੂੰ ਨਾਮ-ਅਭਿਆਸ


www.AKJ.Org

ਦੁਆਰਾ ਪਰਗਟ ਹੋ ਆਇਆ ਹੈ, ਇਹ ਤਾਂ ਅੰਦਰਵਾਰ "ਸੱਚਖੰਡ" ਵਿਚ ਜਾ ਖੁਲ੍ਹਦਾ ਹੈ, ਜੋ ਨਿਰੰਕਾਰ ਦਾ ਦੇਸ਼ ਹੈ। ਇਹ ਅਜਬ ਦੇਸ਼ ਹੈ; ਨਾ ਸਵੇਰ ਹੈ ਨਾ ਸ਼ਾਮ, ਨਾ ਧੁੱਪ ਹੈ ਨਾ ਛਾਂ, ਨਾ ਓਤਪਤ ਨਾ ਪਰਲੋ, ਇਥੇ ਪੁਜ ਕੇ ਤਾਂ ਤੇਰੇ ਅਤੇ ਨਿਰੰਕਾਰ ਵਿਚ ਕੋਈ ਭਿੰਨ-ਭੇਦ ਹੀ ਨਹੀਂ ਦਿਸਦਾ।

ਵਾਹ ਅਗੰਮੜੇ ਮਰਦਾ! ਹੁਣ ਤੇਰੇ ਪੈਰ ਭਾਵੇਂ ਫ਼ਰਸ਼ਾਂ ਤੇ ਹਨ, ਪਰ ਤੇਰਾ ਸੀਸ ਅਰਸ਼ਾਂ ਜਿੰਨਾ ਉਚੇਰਾ ਹੈ। ਹੁਣ ਤੇਰੀ ਸਮੁਚੀ ਸ਼ਖਸੀ ਮਤ ਰੱਬੀ ਨਾਦ ਨਾਲ ਇਕ-ਸੁਰ ਹੋ ਕੇ ਰਾਗਾਤਮਿਕ ਹੋ ਗਈ ਹੈ। ਇਸ ਵਿਚੋਂ ਮਧੁਰਤਾ ਚੋਅ ਚੋਅ ਪੈਂਦੀ ਹੈ। ਤੇਰੀ ਸੁਗੰਧਤ ਹੋਈ ਸ਼ਖਸੀ ਮਤ ਨੇ ਆਲਾ ਦੁਆਲਾ ਸੁਗੰਧਤ ਕਰ ਦਿਤਾ ਹੈ। ਤੇਰੀ ਅਰਸ਼ੀ ਆਭਾ ਤੇ ਲਹਿ ਲਹਿ ਕਰਦੇ ਚਲੂਲੇ ਰੰਗਾਂ ਤੋਂ ਸਦਕੇ! ਤੇਰੀ ਮਸਤੀ ਤੇ ਨਾਮ-ਖੁਮਾਰੀ ਤੋਂ ਬਲਿਹਾਰੇ!! ਤੇਰੀ ਬਾਂਕੀ ਛਬ ਤੋਂ ਚੋਖੰਨੀਏ!!!

ਤੇਰੀਆਂ ਘੋੜੀਆਂ ਗਾਈਆਂ ਹਨ ਸੁਜਾਨ ਸਤਿਗੁਰਾਂ ਨੇ, ਪਵਿਤਰ ਬਾਣੀ ਅੰਦਰ—

ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮੁ ਸੁਹਾਵੀਆ ॥੧॥ (੪॥੧॥੫)

ਵਡਹੰਸੁ ਮ: ੪, ਪੰਨਾ ੫੭੫

ਤੇਰੇ ਹਿਰਦੇ-ਅੰਙਣ ਵਿਚ ਤ੍ਰੈਭਵਨ ਦਾ 'ਰੀਸਾਲੂ' ਤੇ 'ਹੁਸਨੁਲ ਜਮਾਲ' ਕੰਤੜਾ ਆਇ ਬਿਰਾਜਿਆ ਹੈ। ਹੁਣ ਤੇਰਾ ਸਰੀਰ 'ਸਲਾਹਣ ਮੰਦ' ਹੋ ਗਿਆ ਹੈ, ਯਥਾ—

ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥੧੯॥

ਵਾਰ ਸੋਰਠਿ, ਪੰਨਾ ੬੫੦

ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰ ਜੀਉ ॥੧॥੯॥

ਮਾਝ ਮਹਲਾ ੫, ਪੰਨਾ ੯੭

ਤੇਰਾ ਜੀਵਨ ਹੁਣ ਇਕ ਧਰਮਸਾਲ ਹੈ ਗੁਰੂ ਬਾਬੇ ਦੀ, ਜਿਥੇ 'ਜੋ ਜੀਅ ਆਵੇ ਸੋ ਰਾਜ਼ੀ ਜਾਵੇ' ਦਾ ਵਰਤਾਰਾ ਵਰਤਦਾ ਹੈ। ਐਸਾ ਜੀਵਨ ਮਨੁਖਤਾ ਦਾ ਅਮੁੱਲਾ ਖਜ਼ਾਨਾ ਹੈ। ਐਸੀ ਹਾਲਤ ਵਿਚ ਤੇਰਾ ਖਾਣ, ਪੀਣ, ਪਹਿਨਣ, ਆਦਿ ਸਭੇ ਟੋਲ ਸੁਹਾਵਣੇ ਹਨ।

## ਸਭੇ ਟੋਲ ਵਿਣਾਸੁ—

ਮਨੁਖੀ ਜੀਵਨ ਦਾ ਇਕ ਨਿਸ਼ਚਿਤ ਮੰਤਵ ਹੈ—

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ [ਰਹਿਰਾਸ

'ਗੋਬਿੰਦ ਮਿਲਾਪ' ਤਾਂ ਹੀ ਸੰਭਵ ਹੈ ਜੇ ਸ੍ਵੈ-ਪੂਰਨਤਾ ਹੋਵੇ। ਸ੍ਵੈ-ਪੂਰਨਤਾ ਲਈ ਅਣਥਕ ਸੰਗਰਾਮ ਦੀ ਲੋੜ ਹੈ। ਇਸ ਕਰੜੇ ਜੀਵਨ-ਸੰਗਰਾਮ ਲਈ ਰਿਸ਼ਟ-ਪੁਸ਼ਟ ਅਤੇ ਸੁਅਸਤ ਸਰੀਰ ਚਾਹੀਦਾ ਹੈ, ਜਿਸ ਲਈ ਯੋਗ ਖੁਰਾਕ ਤੇ ਪੁਸ਼ਾਕ ਦੀ ਲੋੜ ਹੈ।

ਪਰ ਆਮ ਸੰਸਾਰ ਵਿਚ ਉਲਟਾ ਹੀ ਵਰਤਾਰਾ ਵੇਖਣ ਵਿਚ ਆਉਂਦਾ ਹੈ। 'ਖਾਓ ਜੀਣ ਲਈ' ਦੀ ਥਾਵੇਂ 'ਜੀਓ ਖਾਣ ਲਈ' ਨੂੰ ਆਪਣਾ ਅਸੂਲ ਬਣਾਇਆ ਪਿਆ ਹੈ। ਇਹ ਨਿਰੋਲ ਮਾਂਦਾ-ਪ੍ਰਸਤੀ ਹੈ, ਘਟੀਆ ਕਿਸਮ ਦਾ ਪਸ਼ੂ-ਜੀਵਨ ਹੈ।

ਸਦੀਆਂ ਤੋਂ ਕੀਤੇ ਜਾ ਰਹੇ ਮਨੁਖੀ ਤਜਰਬੇ ਨੇ ਇਹ ਦਸਿਆ ਹੈ ਕਿ ਅਭਿਆਸ ਦੁਆਰਾ ਮਨੁਖ ਦੀ ਹਰ ਇਕ ਮਾਨਸਿਕ ਰੁਚੀ ਨੂੰ ਵਧਾਇਆ ਜਾ ਘਟਾਇਆ ਜਾ ਸਕਦਾ ਹੈ। ਜੀਵਨ ਦੇ ਹਰ ਪੱਖ ਵਿਚ ਸਫਲਤਾ ਲਈ ਅਭਿਆਸ ਹੀ ਸਫਲ ਕੁੰਜੀ ਹੈ। ਮਨੁਖ ਦੇ ਵਧੇਰੇ ਖਾਣ, ਪੀਣ, ਪਹਿਨਣ, ਸੌਣ ਦੇ ਅਭਿਆਸ ਨਾਲ ਇਨ੍ਹਾਂ


www.AKJ.Org

ਪੱਖਾਂ ਵਿਚ ਪ੍ਰਗਤੀ ਹੁੰਦੀ ਹੈ ਤੇ ਮਨੁਖੀ ਖ਼ਾਹਿਸ਼ਾਂ (ਆਸਾ-ਤ੍ਰਿਸ਼ਨਾ) ਹੋਰ ਭੜਕਦੀਆਂ ਹਨ। ਤ੍ਰਿਸ਼ਨਾ ਇਕ ਐਸੀ ਪ੍ਰਬਲ ਅਗਨੀ ਹੈ, ਜਿਸ ਨੇ ਆਪਣੀ ਲਪੇਟ ਵਿਚ ਸਾਰੇ ਸੰਸਾਰ ਨੂੰ ਸਮੇਟ ਰਖਿਆ ਹੈ। ਓਪਰੀ ਵਿਚਾਰ ਨਾਲ ਇਉਂ ਭਾਸਦਾ ਹੈ ਕਿ ਅਮਕੇ ਪਦਾਰਥ ਦੀ ਪ੍ਰਾਪਤੀ ਨਾਲ ਇਹ ਅਗਨੀ ਬੁਝ ਜਾਏਗੀ, ਪਰ ਮਨੁਖੀ ਤਜਰਬੇ ਨਾਲ ਇਹ ਸਿਧ ਹੋਇਆ ਹੈ ਕਿ ਹਰ ਪਦਾਰਥਕ ਟੀਚੇ ਦੀ ਪੂਰਤੀ ਮਗਰੋਂ ਇਹ ਤ੍ਰਿਸ਼ਨਾ ਵਧੇਰੇ ਸੂਖਮ ਤੇ ਤੀਖਣ ਰੂਪ ਵਿਚ ਪ੍ਰਚੰਡ ਹੁੰਦੀ ਹੈ। ਇਹ ਇਕ ਡੈਣ ਹੈ, ਬਲਆ ਹੈ। ਇਕ ਵਾਰ ਚੰਬੜ ਜਾਏ, ਫਿਰ ਇਸ ਦੇ ਪੰਜੇ ਵਿਚੋਂ ਬਚ ਕੇ ਨਿਕਲਣਾ ਕਠਨ ਹੈ।

ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥

ਮਾਰੂ ਸੋਲਹੇ ਮ: ੩, ਪੰਨਾ ੧੦੪੪

ਇਸ ਤ੍ਰਿਸ਼ਨਾ ਤੋਂ ਪਿੱਛਾ ਛੁਡਾਉਣ ਲਈ ਮਨੁਖ ਨੇ ਇਸ ਡਾਇਣ ਨੂੰ ਬਹੁ-ਪ੍ਰਕਾਰੀ ਲਾਲਚ ਦਿਤੇ। ਇਸ ਦੇ ਮੂੰਹ ਮਾਸ-ਬੋਟੀਆਂ ਦਿਤੀਆਂ, ਮਿਠੇ ਮੇਵੇ ਖੁਆਏ, ਘਿਓ-ਗੁਧੇ ਮਿਠੇ ਪਕਵਾਨ ਭੁੰਚਾਏ, ਪਰ ਇਹ ਨਾ ਰਜੀ। ਇਸ ਨੂੰ ਪਟੰਬਰਾਂ ਵਿਚ ਸਜਾਇਆ, ਮਖ਼ਮਲੀ ਸੇਜਾਂ ਤੇ ਸੁਆਇਆ, ਲੰਮੀਆਂ ਚੋੜੀਆਂ ਮਹਿਲ-ਮਾੜੀਆਂ ਵਿਚ ਰੰਗ-ਰਲੀਆਂ ਕਰਾਈਆਂ, ਪਰ ਇਹ ਸੰਤੁਸ਼ਟ ਨਾ ਹੋਈ। ਇਸ ਦੀ ਚਾਪਲੂਸੀ ਕੀਤੀ ਗਈ, ਇਸ ਨੂੰ ਵਡਿ-ਆਇਆ ਬਫਾਇਆ, ਇਸ ਨੂੰ ਸਰਦਾਰੀਆਂ ਦੇ ਖ਼ਿਤਾਬ ਦਿਤੇ, ਪਰ ਇਹ ਡਾਇਣ ਮਗਰੋਂ ਨਾ ਲੱਥੀ, ਸਗੋਂ ਇਹ ਹੋਰ ਮੂੰਹ-ਜ਼ੋਰ ਹੋਈ ਤੇ ਇਸਨੇ ਨੂੰ ਮਨੁਖ ਆਪਣੇ ਫੰਧੇ ਵਿਚ ਹੋਰ ਜਕੜਿਆ। ਚੁਰਾਸੀ ਲੱਖ ਜੂਨਾਂ ਦਾ ਸਰਦਾਰ, ਦੇਵਤਿਆਂ ਤੋਂ ਸ੍ਰੇਸ਼ਟ ਤੇ ਸੁਣੱਖਾ ਪੁਰਸ਼ ਇਕ ਨੀਵੀਂ ਜਹੀ, ਕੋਝੀ ਜਹੀ, ਕੁਲੱਖਣੀ ਬਲਾਅ ਅਗੇ ਹੱਥ-ਬੱਧਾ ਗੁਲਾਮ ਹੋਇਆ ਫਿਰਦੈ। ਪਰ-ਵਸ ਪੁਰਸ਼ ਦਾ ਕੀ ਜੀਊਣਾ ਹੈ, ਭਾਵੇਂ ਉਸ ਨੂੰ ਲਖਾਂ ਭੋਗ ਬਿਲਾਸ ਪ੍ਰਾਪਤ ਹੋਵਣ। ਧ੍ਰਿਗ ਲਾਹਨਤ ਹੈ ਐਸੇ ਜੀਉਣ ਨੂੰ! ਖਾਣ, ਪੀਣ, ਪਹਿਨਣ, ਸੋਣ ਆਦਿ ਤਾਂ ਪਸ਼ੂ-ਜੀਵਨ ਵਿਚ ਵੀ ਹਨ, ਸਗੋਂ ਪਸ਼ੂ-ਜੀਵਨ ਵਿਚ ਉਪਰੋਕਤ ਸਾਰੇ ਸੁਖ ਬਗੈਰ ਕਿਸੇ ਉਚੇਚੀ ਚਿੰਤਾ ਦੇ ਪ੍ਰਾਪਤ ਹਨ। ਤਾਂ ਹੀ ਨਾਮ-ਹੀਣ ਪੁਰਸ਼ ਨੂੰ ਸਤਿਗੁਰਾਂ ਨੇ ਪਸ਼ੂਆਂ ਤੋਂ ਵੀ ਘਟੀਆ ਦਰਸਾਇਆ ਹੈ—

ਪਸੂ ਪਰੇਤ ਮੁਗਧ ਤੇ ਬੁਰੀ ॥ ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥੨੩॥

ਰਾਮਕਲੀ ਮ: ੫, ਪੰਨਾ ੮੯੦

ਹੇ ਮਨੁਖ! ਨਾਮ-ਅਸਲੇ ਨਾਲੋਂ ਟੁਟ ਕੇ ਤੇਰੀ ਕਹੀ ਅਧੋਗਤੀ ਵਾਲੀ ਦਸ਼ਾ ਹੋਈ ਹੈ। ਤੈਨੂੰ ਆਪਣੀ ਸੁਧ ਬੁਧ ਹੀ ਨਹੀਂ ਰਹੀ। ਤੂੰ ਸੁਦਾਈਆਂ ਵਾਗੂ ਦਿਨ ਰਾਤ ਐਵੇਂ ਵਾਧੂ ਦੌੜ ਭਜ, ਬੁਣ-ਉਧੇੜ ਵਿਚ ਰੁਝਾ ਪਿਆ ਏਂ। ਓਇ ਕਾਲਿਆ ਹਰਨਾ! ਤੇਰੇ ਆਪਣੇ ਅੰਦਰ ਕਸਤੂਰੀ ਦੇ ਨਾਫ਼ੇ ਲੁਕੇ ਪਏ ਨੇ, ਤੂੰ ਐਵੇਂ ਝਾੜਾਂ ਭਾਲੀ ਫਿਰਨੈਂ। ਭਲਾ ਸੋਚ, ਮਾਰੂ-ਥਲਾਂ ਵਿਚ ਪਾਣੀ ਦੇ ਚਸ਼ਮੇ ਕਿਥੇ! ਅੰਮ੍ਰਿਤ ਦਾ ਚਸ਼ਮਾ ਤੇਰੇ ਅੰਦਰ ਸੁਭਰ ਭਰਿਆ ਠਾਠਾਂ ਮਾਰਦਾ ਪਿਆ ਹੈ, ਪਰ ਆਲਸੀਆ! ਤੂੰ ਕਦੀ ਬੁੱਕ ਭਰ ਕੇ ਪੀਣ ਦਾ ਉਦਮ ਹੀ ਨਹੀਂ ਕੀਤਾ। ਅਫ਼ਸੋਸ! ਸਦ ਅਫ਼ਸੋਸ!!

ਓਇ ਕਾਲਿਆ ਭਵਰਾ! ਇਸ ਪ੍ਰਕਿਰਤੀ-ਕੰਵਲ ਉਤੇ ਮਸਤ ਬੈਠਾ ਏਂ! ਤੈਨੂੰ ਪਤਾ ਨਹੀਂ, ਇਹ ਪ੍ਰਕਿਰਤੀ-ਕੰਵਲ ਕਿਸੇ 'ਭਾਨਾਨ ਭਾਨ' ਦੀਆਂ ਨੂਰੀ ਕਿਰਨਾਂ ਸਦਕਾ ਹੀ ਖਿੜਿਆ ਪਿਆ ਹੈ ਅਤੇ ਉਸ ਦੀ ਲੋਅ ਮਿਟਦਿਆਂ ਹੀ ਇਹਨੇ ਮੀਟਿਆ ਜਾਣੈ ਅਤੇ ਤੂੰ ਇਸ ਦੀ ਥੋੜ-ਚਿਰੀ ਸੁਗੰਧੀ ਵਿਚ ਲੰਪਟ ਹੋਇਆ ਵਿਚੇ ਹੀ ਲਪੇਟਿਆ ਜਾਣੈ ਤੇ ਇੰਜ ਇਹ ਪ੍ਰਕਿਰਤੀ-ਕੰਵਲ ਤੇਰੇ ਵਿਨਾਸ ਦਾ ਹੀ ਕਾਰਨ ਬਣ ਜਾਣੈ।

ਤੈਨੂੰ ਸਰੀਰਕ ਸੁੰਦਰਤਾ ਦਾ ਮਾਣ ਏ, ਪਰ ਤੇਰਾ ਇਹ ਮਾਣ ਕਿਰਕਿਰਾ ਹੋ ਜਾਂਦੈ ਬਨ-ਮ੍ਰਿਗ ਦੇ ਸਾਹਮਣੇ। ਸੱਪ ਦੀ ਚਮਕ ਦਮਕ ਤੇਰੇ ਨਾਲੋਂ ਕਿਤੇ ਵਧੇਰੇ ਹੈ। ਤੂੰ ਸੁੰਦਰ ਪੁਸ਼ਾਕ ਪਾ ਕੇ ਆਕੜਿਆ ਫਿਰਨੈਂ, ਪਰ ਤੇਰੀ



www.AKJ.Org

ਪੁਸ਼ਾਕ ਦਾ ਮੋਰ ਦੀ ਪੁਸ਼ਾਕ ਨਾਲ ਕੀ ਟਾਕਰਾ। ਖਾਣ ਲਈ ਵੀ ਪਸ਼ੂ ਪੰਛੀਆਂ ਨੂੰ ਤੇਰੇ ਨਾਲੋਂ ਵਧੇਰੇ ਤਾਜ਼ੇ ਤੇ ਮਿਠੇ ਫਲ ਪ੍ਰਾਪਤ ਹਨ। ਤੇਰੀ ਉਚਤਾ, ਸਰਬੋਤਮਤਾ ਤਾਂ ਤੇਰੀ ਵਿਵੇਕ ਬੁਧੀ ਕਾਰਨ ਹੈ। ਪਰ ਤੇਰਾ ਵਿਵੇਕ-ਦੀਪ ਏਨਾ ਮਲੀਨ ਹੋਇਆ ਪਿਐ ਕਿ ਇਸ ਵਿਚੋਂ ਚਾਨਣ ਪ੍ਰਕਾਸ਼ਮਾਨ ਹੀ ਨਹੀਂ ਹੁੰਦਾ। ਫਿਰ ਤੇਰੀ ਕੀ ਵਿਸ਼ੇਸ਼ਤਾ? ਤੇਰਾ ਕਲਬੂਤ ਹੀ ਮਨੁਖ ਦਾ ਦਿਸਦੈ, ਕਰਤੂਤ ਤਾਂ ਪਸ਼ੂਆਂ ਵਾਲੀ ਹੀ ਹੈ। ਨਹੀਂ ਨਹੀਂ, ਤੈਥੋਂ ਤਾਂ ਪਸ਼ੂ ਵੀ ਚੰਗੇਰੇ ਹਨ, ਘਾਸ ਫੂਸ ਆਦਿ ਖਾ ਕੇ ਆਪਣੇ ਮਾਲਕ ਨੂੰ ਦੁੱਧ ਵਰਗੀ ਅੰਮ੍ਰਿਤ ਵਸਤੂ ਦੇਂਦੇ ਹਨ; ਇਕ ਟੁਕੜਾ ਰੋਟੀ ਖਾ ਕੇ ਸਾਰੀ ਰਾਤ ਪਹਿਰਾ ਦੇਂਦੇ ਹਨ। ਪਰ ਤੂੰ ਛਤੀ ਪ੍ਰਕਾਰ ਦੇ ਭੋਜਨ ਖਾ ਖਾ ਕੇ ਐਵੇਂ ਗੰਦੇ ਕਰੀ ਜਾਨੈਂ! ਦਾਤਾਂ ਵਿਚ ਫਸ ਕੇ, ਦਾਤੇ ਨੂੰ ਵਿਸਾਰੀ ਬੈਠਾ ਏਂ। ਤੂੰ ਅਕ੍ਰਿਤਘਣ ਹੈਂ। ਤੂੰ ਧਰਤੀ ਤੇ ਵਾਧੂ ਭਾਰ ਬਣਿਆ ਹੋਇਆ ਹੈਂ। ਧ੍ਰਿਗਕਾਰ ਹੈ ਤੇਰੇ ਖਾਣ, ਪੀਣ, ਪਹਿਨਣ ਨੂੰ। ਤੇਰੇ ਇਹ ਸਾਰੇ ਅਡੰਬਰ ਬਿਰਥੇ ਹਨ। ਗੁਰਵਾਕ—

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ
ਜਿਤੁ ਹੁਣਿ ਖਸਮੁ ਨ ਪਾਇਆ ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ
ਅਹਿਲਾ ਜਨਮੁ ਗਵਾਇਆ ॥੧॥ ਬਿਲਾਵਲੁ ਮ: ੩ ਘਰੁ ੧, ਪੰਨਾ ੭੯੬

ਆ! ਜੀਵਨ ਦਾ ਸਿੱਧਾ ਰਾਹ ਫੜ। ਸਾਰਾ ਮਾਣ ਅਹੰਕਾਰ ਛਡ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਨੀ ਢਹਿ ਪਉ। ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ! ਸਰਦਾਰ ਬਣ!! ਫਿਰ :—

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪੇ ਮੇਲੇ ॥੪॥੨੨॥ [ਸੁਖਮਨੀ ਸਾਹਿਬ

---

(ਸਫਾ ੧੮ ਦੀ ਬਾਕੀ)

ਅੱਜ ਪੰਥ ਗੰਭੀਰ ਸੰਕਟ ਦੇ ਦੌਰ ਚੋਂ ਗੁਜ਼ਰ ਰਿਹਾ ਹੈ। ਖਾਲਸੇ ਦੀ ਹੋਂਦ, ਹਸਤੀ, ਸਿਖੀ ਸਰੂਪ ਦੀ ਵਿਲੱਖਣਤਾ ਨੂੰ ਖ਼ਤਮ ਕਰਨ ਦਾ ਹਰ ਹੀਲਾ ਜਤਨ ਕੀਤਾ ਜਾ ਰਿਹਾ ਹੈ, ਗੁਰਮਤਿ ਸਿਧਾਂਤ ਅਤੇ ਸਿੱਖ ਇਤਿਹਾਸ ਨੂੰ ਮਿਲਗੋਭਾ ਬਣਾ, ਅਤੇ ਕੀਤੀਆਂ ਕੁਰਬਾਨੀਆਂ ਨੂੰ ਬਦਕਿਸਮਤੀ ਨਾਲ ਛੁਟਿਆ ਕੇ ਪੇਸ਼ ਕੀਤਾ ਜਾ ਰਿਹਾ ਹੈ, ਇਸ਼ਟ ਦੀ ਬੇਪਤੀ ਕੀਤੀ ਜਾ ਰਹੀ ਹੈ, ਸਿਖ ਗੁਰਦੁਆਰਿਆਂ ਦੀ ਬਿਲਕੁਲ ਉਸੇ ਤਰ੍ਹਾਂ ਬੇਹੁਰਮਤੀ ਕੀਤੀ ਜਾ ਰਹੀ ਹੈ, ਜਿਵੇਂ ਮੁਗਲਾਂ ਪਠਾਣਾਂ ਦੇ ਸਮੇਂ। ਔਰੰਗਜ਼ੇਬ, ਜ਼ਕਰੀਏ, ਮੀਰ ਮੰਨੂ ਤੇ ਲਖਪਤ ਦੀ ਤਰ੍ਹਾਂ ਹੀ ਅੱਜ ਵੀ ਅੰਮ੍ਰਿਤਧਾਰੀ ਗੁਰਸਿਖਾਂ ਨੂੰ ਗਿਣੀ ਮਿਥੀ ਸਾਜ਼ਸ਼ ਅਧੀਨ ਝੂਠੇ ਪੁਲਸ-ਮੁਕਾਬਲੇ ਬਣਾ ਕੇ ਸ਼ਹੀਦ ਕੀਤਾ ਜਾ ਰਿਹਾ ਹੈ, ਅੱਜ ਹਰ ਸਿੱਖ, ਸਰਕਾਰ ਦੀਆਂ ਨਜ਼ਰਾਂ ਵਿਚ ਅਤਿਵਾਦੀ, ਵੱਖ-ਵਾਦੀ ਤੇ ਜਰਾਇਮ-ਪੇਸ਼ਾ ਬਣ ਚੁਕਾ ਹੈ, ਇਸ ਲਈ ਉਹ ਅਜ਼ਾਦਾਨਾ ਦੇਸ਼ ਦੇ ਕਿਸੇ ਇਕ ਹਿੱਸੇ ਤੋਂ ਦੂਸਰੇ ਹਿੱਸੇ ਵਲ ਸਫ਼ਰ ਵੀ ਨਹੀਂ ਕਰ ਸਕਦਾ——ਤਾਂ ਐਸੇ ਨਾਜ਼ਕ ਦੌਰ ਸਮੇਂ ਗੁਰੂ ਦਾ ਸਿੰਘ ਅਖਵਾਉਣ ਵਾਲੇ ਦਾ ਪੰਥ ਵਿਰੋਧੀ ਸ਼ਕਤੀਆਂ ਦਾ ਸਾਥ ਦੇਣਾ ਜਾਂ ਘੇਸਲੇ ਬਣ ਚੁਪ ਰਹਿਣਾ——ਕੀ ਇਹ ਗੁਰੂ ਨੂੰ ਅਣਲਿਖਿਆ ਬੇਦਾਅਵਾ ਦੇਣ ਤੁਲ ਨਹੀਂ?

ਆਓ ਆਪਣੇ ਗੌਰਵਮਈ ਇਤਿਹਾਸ ਨੂੰ ਜਾਣੀਏ, ਆਪਣੇ ਵਿਰਸੇ ਨੂੰ ਪਹਿਚਾਣੀਏ, ਬਿਪਰਨ ਕੀ ਰੀਤ ਤਿਆਗ ਗੁਰੂ ਉਪਰ ਅਤੁੱਟ ਵਿਸ਼ਵਾਸ ਕਰੀਏ, ਤਾਕਿ ਗੁਰਦੇਵ ਸਾਡੇ ਉਪਰ ਪ੍ਰਤੀਤ ਲੈ ਆਉਣ, ਵਗਾਹ ਮਾਰੀਏ ਮਜਬੂਰੀਆਂ ਦੀਆਂ ਛੱਟਾਂ ਅਤੇ ਨਿਸਚਿੰਤ ਹੋ ਕੇ ਪੰਥ ਵਲੋਂ ਲਗਾਏ ਧਰਮ-ਯੁਧ ਵਿਚ ਜੂਝ ਆਪਣੇ ਅਣਲਿਖੇ ਬੇਦਾਅਵੇ ਪੜਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



www.AKJ.Org

# ਖਿਦਰਾਣੇ ਦੀ ਢਾਬ...... ਮੁਕਤਸਰ
# ਅੱਜ ਲੋੜ ਹੈ

[ਵਲੋਂ—ਸ: ਵਰਿਆਮ ਸਿੰਘ ਜੀ, ਸੰਪਾਦਕ, ਗੁਰਮਤਿ ਪ੍ਰਕਾਸ਼, ਸ੍ਰੀ ਅੰਮ੍ਰਿਤਸਰ]

ਸਿੱਖ ਇਤਿਹਾਸ ਦਾ ਇਕ ਵਾਕਿਆ ਹੈ ਕਿ ਪਹਾੜੀ ਰਾਜਿਆਂ, ਦਿਲੀ, ਲਾਹੌਰ ਤੇ ਸਰਹੰਦ ਦੀਆਂ ਸ਼ਾਹੀ ਫ਼ੌਜਾਂ ਦੇ ਟਿੱਡੀ ਦਲ ਨੇ ਮਿਲ ਕੇ ਅਨੰਦਪੁਰ ਨੂੰ ਘੇਰਿਆ ਹੋਇਆ ਸੀ। ਦਸਮੇਸ਼ ਪਿਤਾ ਦੇ ਸੂਰਮੇ ਬਹਾਦਰ ਯੋਧਿਆਂ ਨੇ ਮੈਦਾਨੇ ਜੰਗ ਵਿਚ ਕਈ ਵੇਰ ਉਹਨਾਂ ਦੀਆਂ ਦੋੜਾਂ ਕਢਾਈਆਂ ਸਨ, ਪਰ ਇਸ ਵਾਰ ਦੁਸ਼ਮਣ ਨੇ ਵਖਰਾ ਢੰਗ ਤਰੀਕਾ ਅਪਣਾ ਲਿਆ ਸੀ—ਖੁਲ੍ਹੇ ਮੈਦਾਨ ਦੀ ਲੜਾਈ ਹੁੰਦੀ, ਸਿੰਘ ਇਸ ਟਿੱਡੀ ਦਲ ਨੂੰ ਕਦੋਂ ਦੇ ਦੌੜਾਅ ਚੁਕੇ ਹੁੰਦੇ—ਪਰ ਇਹ ਸਖ਼ਤ ਘੇਰਾ—ਅਰ ਲੰਮਾ ਸਮਾਂ—ਭੁੱਖ ਦਾ ਦੁਖ ਸਭ ਤੋਂ ਬੁਰਾ।

ਗੁਰੂ ਜੀ ਨੇ ਲੋਕ-ਤੰਤਰੀ ਅਸੂਲਾਂ ਦਾ ਮੁਢ ਬੰਨ੍ਹਦਿਆਂ ਖਾਲਸੇ ਵਿਚ ਇਤਨਾ ਆਤਮ-ਵਿਸ਼ਵਾਸ ਜੁਅਰਤ ਭਰ ਦਿਤੀ ਸੀ ਕਿ ਉਹ ਗੁਰੂ ਜੀ ਨੂੰ ਸਲਾਹ, ਸੁਝਾਅ, ਆਪਣੀ ਰਾਇ ਨਿਝਕ ਹੋ ਕੇ ਪੇਸ਼ ਕਰ ਸਕਦੇ ਸਨ।

ਕੁਝ ਸਿੰਘਾਂ ਨੇ ਗੁਰੂ ਜੀ ਨੂੰ ਇਸ ਮਸਲੇ ਸੰਬੰਧੀ ਆਪਣੀਆਂ ਸਲਾਹਾਂ ਦਿਤੀਆਂ। ਯੁਧ ਦੇ ਢੰਗ ਤਰੀਕੇ ਹੁੰਦੇ ਹਨ—ਗੁਰੂ ਜੀ ਦਾ ਇਸ ਮਸਲੇ ਬਾਰੇ 'ਦੇਖੋ ਤੇ ਉਡੀਕੋ' ਦੀ ਪਾਲਸੀ ਪਰ ਚਲਣ ਦਾ ਵਿਚਾਰ ਸੀ। ਪਰ ਕੁਝ ਸਿੰਘ ਕਿਸੇ ਭੁਲੇਖੇ ਦੀ ਧੁੰਦ ਵਿਚ ਗੁਆਚ ਗਏ।—ਇਸ ਮੁਸ਼ਕਲ ਦੀ ਘੜੀ ਸਾਥ ਛਡਣ ਲਗੇ। ਗੁਰੂ ਸਮਰੱਥ ਸਨ, ਸਭ ਕੁਝ ਜਾਣਦੇ ਸਨ—ਜੇ ਉਹ ਚਾਹੁੰਦੇ ਤਾਂ ਉਹ ਭੁਲੇਖਿਆਂ ਦੀ ਧੁੰਦ ਗਿਆਨ ਦੇ ਚਾਨਣ ਨਾਲ ਛਿਨਾਂ ਵਿਚ ਦੂਰ ਕਰ ਸਕਦੇ ਸਨ, ਪਰ ਉਹਨਾਂ ਖਾਲਸੇ ਨੂੰ ਇਕ ਸਰਵ-ਗੁਣ-ਸਪੰਨ ਆਦਰਸ਼ਕ ਮਨੁਖ ਬਣਾਉਣਾ ਸੀ—ਅਰ ਜੇਕਰ ਕੋਈ ਥੋੜਾ ਤਿਲ੍ਹਕ ਜਾਵੇ, ਪੈਰ ਥਿੜਕ ਜਾਵਣ ਤਾਂ ਫਿਰ ਉਠਣਾ ਕਿਵੇਂ ਹੈ, ਖੜੇ ਕਿਵੇਂ ਹੋਣਾ ਹੈ—ਇਹ ਵੀ ਜਾਚ ਸਿਖਾਣੀ ਸੀ। ਚੋਜੀ ਪ੍ਰੀਤਮ ਦੇ ਚੋਜ ਸਮਝ ਲਵੋ—ਉਹਨਾਂ ਦਾ ਇਕ ਐਸਾ ਚਮਤਕਾਰ ਸੀ ਜਿਸ ਨੇ ਆਉਣ ਵਾਲੇ ਸਮੇਂ ਹਮੇਸ਼ਾ ਲਈ ਇਕ ਮਿਸਾਲ, ਉਦਾਹਰਣ ਬਣਨਾ ਸੀ। ਭੁਲ ਕੌਣ ਨਹੀਂ ਸਕਦਾ, ਪਰ ਭੁਲਣਾ ਕਰ ਕੇ ਭੁਲ ਬਖਸ਼ਾਣੀ ਕਿਵੇਂ ਹੈ, ਇਹ ਜਾਚ ਸਿਖਾਉਣੀ ਸੀ।

ਦਸਮੇਸ਼ ਪਿਤਾ ਜੀ, ਚੋਜੀ ਪ੍ਰੀਤਮ ਇਹਨਾਂ ਭੁਲੇਖੇ ਵਿਚ ਪੈ ਚੁਕੇ ਸਿੰਘਾਂ ਨੂੰ ਕਹਿੰਦੇ ਨੇ, ਜਾ ਰਹੇ ਹੋ, ਠੀਕ ਹੈ ਭਈ, ਪਰ ਸਾਨੂੰ ਲਿਖ ਕੇ ਤਾਂ ਦੇ ਜਾਵੋ ਕਿ 'ਛਡ ਕੇ ਜਾ ਰਹੇ ਹਾਂ'।......ਤੇ ਸਿੰਘਾਂ ਲਿਖ ਦਿਤਾ।

ਪਿਆਰ ਦਾ ਅਸਲ ਰੂਪ ਕਈ ਵੇਰ ਵਿਛੋੜੇ ਵਿਚ ਹੀ ਪਰਗਟ ਹੁੰਦਾ ਹੈ। ਜਿਵੇਂ ਜਿਵੇਂ ਇਹ ਸਿੰਘ ਕਦਮ, ਪਿਆਰੀ ਅਨੰਦਪੁਰੀ ਤੋਂ ਪੁਟਦੇ ਹਨ, ਗੁਰੂ ਤੋਂ ਦੂਰ ਹੁੰਦੇ ਹਨ, ਪਿਆਰ ਦੀਆਂ ਤੰਦਾਂ ਸਖ਼ਤ ਹੋ ਰਹੀਆਂ ਹਨ, ਗੰਢਾਂ ਢਿਲੀਆਂ ਹੋਣ ਦੀ ਬਜਾਏ ਪੀਚੀਆਂ ਜਾ ਰਹੀਆਂ ਹਨ। ਸਿੰਘ ਘਰੀਂ ਪਹੁੰਚੇ, ਕਿਸੇ ਦੁਨਿਆਵੀ ਕੰਮ ਵਿਚ ਦਿਲ ਨਹੀਂ ਟਿਕਦਾ, ਯਾਦ ਆਉਂਦੀ ਹੈ ਗੁਰੂ ਜੀ ਦੀ, ਧੁਰ ਅੰਦਰ ਥਰਥਰਾਹਟਾਂ ਛਿੜੀਆਂ, ਨਿਮੂਝਾਣੇ ਹੋ, ਕੀਤੇ ਦਾ ਪਛਤਾਵਾ ਕਰਦੇ, ਮਾਤਾ ਭਾਗ ਕੌਰ ਜਿਹੇ ਸਿਆਣੇ ਸੂਝਵਾਨ ਗੁਰਸਿਖ ਨੇਕ ਸਲਾਹਾਂ ਦਿੰਦੇ ਹਨ, ਅਤੇ ਅਖ਼ੀਰ ਇਹ ਬਿਹਬਲ ਹੋਈਆਂ ਰੂਹਾਂ, ਗੁਰੂ ਦਰਸ਼ਨਾਂ ਲਈ ਫਿਰ ਵਾਪਸ ਚਾਲੇ ਪਾ ਦਿੰਦੀਆਂ ਹਨ।

ਗੁਰੂ ਜੀ ਅਨੰਦਪੁਰ ਨੂੰ ਛਡਣ ਉਪਰੰਤ ਚਮਕੌਰ ਸਾਹਿਬ ਤੋਂ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ ਕੇ ਮਾਛੀਵਾੜੇ ਦੇ ਜੰਗਲਾਂ ਵਿਚ 'ਖੇੜਿਆਂ' ਦੇ ਰਹਿਣ ਤੋਂ 'ਯਾਰੜੇ ਦਾ ਸਥਰ ਚੰਗਾ' ਗਾ ਕੇ ਦੀਨਾ ਕਾਂਗੜ ਵਿਖੇ, ਔਰੰਗਜ਼ੇਬ ਨੂੰ ਫਤਹ ਦੀ ਚਿਠੀ ਲਿਖ ਕੇ, ਕਪੂਰੇ ਤੋਂ ਹੁੰਦੇ ਹੋਏ, ਖਿਦਰਾਣੇ ਦੀ ਢਾਬ-ਕੰਢੇ ਪਹੁੰਚੇ। ਗੁਰੂ



www.AKJ.Org

ਜੀ ਨੂੰ ਵੈਰੀ ਦੇ ਟਿੱਡੀ ਦਲ ਦੀਆਂ ਪਿੱਛਾ ਕਰਨ ਦੀਆਂ ਖ਼ਬਰਾਂ ਮਿਲ ਗਈਆਂ। ਖਿਦਰਾਣੇ ਦੀ ਢਾਬ ਯੁਧ ਦੇ ਨੁਕਤਾ-ਨਿਗਾਹ ਤੋਂ ਬੜਾ ਕਾਰਗਰ ਮੋਰਚਾ ਸੀ, ਗੁਰੂ ਜੀ ਉੱਚੇ ਟਿੱਬੇ ਉਪਰ ਦਰਬਾਰ ਲਗਾ ਬੈਠੇ। ਦੁਸ਼ਮਣ ਨੇ ਆ ਹਮਲਾ ਕੀਤਾ। ਘਮਸਾਨ ਦਾ ਯੁਧ ਸ਼ੁਰੂ ਹੋਇਆ, ਅਤੇ ਟਾਕਰੇ ਵਿਚ ਸਭ ਤੋਂ ਅਗੇ ਇਹ ੪੦ ਬੇਦਾਅਵੀਏ ਸਿੰਘ, ਗੁਰੂ-ਦਰਸ਼ਨਾਂ ਲਈ ਬਿਹਬਲ ਹੋਈਆਂ ਆਤਮਾਵਾਂ ਸਨ। ਬੜੇ ਵਿਉਂਤ-ਬਧ ਤਰੀਕੇ ਨਾਲ ਇਕ ਇਕ ਅੱਗੇ, ਅਤੇ ਫਿਰ ਪੰਜ ਸਿੰਘ ਉਹਨਾਂ ਦੀ ਸਹਾਇਤਾ ਲਈ ਨਿਕਲਦੇ, ਵੈਰੀਆਂ ਦੀਆਂ ਸਫ਼ਾਂ ਨੂੰ ਚੀਰਦੇ ਅਤੇ ਅਗੇ ਵਧ ਵਧ ਕੇ ਸ਼ਹੀਦੀਆਂ ਪਾਉਂਦੇ। ਗੁਰੂ ਜੀ ਉਚੇ ਟਿੱਬੇ ਤੇ ਸਿੰਘਾਂ ਨੂੰ ਜੂਝਦਿਆਂ ਦੇਖ ਪ੍ਰਸੰਨ ਹੋ ਰਹੇ ਹਨ, ਜ਼ਰੂਰਤ ਮੁਤਾਬਕ ਤੀਰਾਂ ਦੀਆਂ ਵਾਛੜਾਂ ਨਾਲ ਸਹਾਇਤਾ ਵੀ ਕਰਦੇ। ਦੁਸ਼ਮਣ ਟਿੱਡੀ ਦਲ ਗਿਣਤੀ ਵਿਚ ਅਣਗਿਣਤ, ਸਿੰਘ ਗਿਣਤੀ ਦੇ——ਪਰ ਇਕੱਲਾ ਇਕੱਲਾ ਦੁਸ਼ਮਣਾਂ ਨੂੰ ਹਫਾ ਹਫਾ ਮਾਰਦੇ। ਪਾਣੀ ਦਾ ਕਬਜ਼ਾ ਸਿੰਘਾਂ ਪਾਸ ਹੋਣ ਕਾਰਨ, ਦੁਸ਼ਮਣ ਦਾ ਬਹੁਤੀ ਦੇਰ ਟਿਕ ਸਕਣਾ ਮੁਮਕਿਨ ਨਹੀਂ ਸੀ। ਸਿੰਘਾਂ ਦੇ ਵਾਰ ਅਗੇ ਤ੍ਰਾਹ ਦੀ ਮਾਰ ਕਾਰਨ ਦੁਸ਼ਮਣ ਫ਼ੌਜਾਂ ਭਜ ਉਠੀਆਂ, ਖਾਲਸੇ ਨੂੰ ਫਤਹ ਹੋਈ।

ਗੁਰੂ ਜੀ ਯੁਧ-ਸਥਾਨ ਪਰ ਪਹੁੰਚੇ। ਸਿੰਘਾਂ ਦੀਆਂ ਪਵਿਤਰ ਦੇਹਾਂ ਮੈਦਾਨ ਵਿਚ ਪਈਆਂ ਸਨ। ਗੁਰਦੇਵ ਹਰ ਇਕ ਦੇ ਪਾਸ ਜਾਂਦੇ, ਸਿੰਘਾਂ ਦੇ ਮੁਖੜੇ ਸਾਫ਼ ਕਰਦੇ, ਗੋਦੀ ਵਿਚ ਲੈਂਦੇ ਤੇ ਬਖ਼ਸ਼ਸ਼ਾਂ ਵੰਡੀ ਜਾਂਦੇ——"ਇਹ ਮੇਰਾ ਪੰਜ-ਹਜ਼ਾਰੀ ਹੈ——ਇਹ ਦਸ-ਹਜ਼ਾਰੀ, ਇਹ ਤੀਹ......"। ਜਿਤਨੇ ਕਦਮ ਕੋਈ ਮੋਰਚੇ ਤੋਂ ਅਗੇ ਨਿਕਲ ਲੜਿਆ, ਓਨਾ ਵਡਾ ਰੁਤਬਾ......ਅਤੇ ਪਹੁੰਚੇ ਹਨ ਸ਼ਹੀਦ ਭਾਈ ਰਾਇ ਸਿੰਘ ਜੀ ਦੇ ਸਪੁਤਰ ਭਾਈ ਮਹਾਂ ਸਿੰਘ ਪਾਸ .....ਅਜੇ ਸੁਆਸ ਚਲ ਰਹੇ ਹਨ, ਸੀਸ ਗੋਦ ਵਿਚ ਰਖਿਆ, ਮੁਖੜਾ ਸਾਫ਼ ਕੀਤਾ, ਮੂੰਹ ਵਿਚ ਜਲ ਪਾਇਆ, ਨੇਤਰ ਖੁਲ੍ਹੇ......"ਤੇਰੇ ਤੋਂ ਇਸ ਸੰਸਾਰ ਦੀਆਂ ਸਭ ਖੁਸ਼ੀਆਂ ਵਾਰਨੇ ਪੁਤਰ ਜੀ ! ... ਮੁਕਤਿ ਜੁਗਤਿ ਭੁਗਤਿ ਸਭ ਹਾਜ਼ਰ", ਗੁਰੂ ਜੀ ਬਖ਼ਸ਼ਸ਼ਾਂ ਕਰ ਰਹੇ ਹਨ, "ਭਾਈ ਮਹਾਂ ਸਿੰਘ, ਕੁਝ ਮੰਗ...।"

ਪਰ ਸਿੰਘ ਗਿੜਗਿੜਾਇਆ, "ਦਸਮੇਸ਼ ਪਿਤਾ ਜੀ, ਕੋਈ ਮੰਗ ਨਹੀਂ——ਦਰਸ਼ਨ ਦੀ ਸਿਕ ਸੀ, ਹੋ ਗਈ।"

"ਨਹੀਂ ਪਿਆਰੇ ਸਿੰਘ ਜੀ, ਕੁਝ ਹੋਰ.....।"

"ਅੱਛਾ ਦਸਮੇਸ਼ ਪਿਤਾ ! ਜੇ ਤਰੁੱਠੇ ਹੋ ਤਾਂ ਸਾਡੀ ਟੁਟੀ ਮੇਲ ਦਿਓ——ਸਾਡਾ ਓਹ ਕਾਗਜ਼ ਦਾ ਟੁਕੜਾ ਪਾੜ ਦਿਓ——ਹੋਰ ਕੁਝ ਨਹੀਂ ਲੋੜੀਦਾ।"

ਧੰਨ ਹਨ ਦਸਮੇਸ਼ ਪਿਤਾ, ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ——ਅਨੰਦਪੁਰ ਛਡਣ ਕਾਰਨ, ਸਰਸਾ ਪਾਰ ਕਰਨ ਸਮੇਂ, ਕੀਮਤੀ ਵਸਤੂਆਂ, ਮਣਾਂ-ਮੂੰਹੀ ਸਾਹਿੱਤ, ਸਾਰਾ ਪਰਵਾਰ, ਪਿਆਰੇ ਸਿੰਘ; ਸਭ ਕੁਝ ਗੁਆਚ ਗਿਆ, ਪਰ ਇਹ ਸਿੰਘਾਂ ਦਾ ਲਿਖਿਆ ਬੇਦਾਅਵੇ ਦੇ ਕਾਗਜ਼ ਦਾ ਟੁਕੜਾ ਸੀਨੇ ਨਾਲ ਲਾਈ ਸੰਭਾਲੀ ਫਿਰਦੇ ਹਨ——ਕਮਰਕਸੇ ਵਿਚੋਂ ਇਹ ਸੰਭਾਲਿਆ ਕਾਗਜ਼ ਕਢਿਆ ਅਤੇ ਸੂਰਬੀਰ ਮਹਾਂਬਲੀ ਯੋਧੇ ਭਾਈ ਮਹਾਂ ਸਿੰਘ ਦੇ ਸਾਹਮਣੇ ਚਾਕ ਕੀਤਾ——ਟੁਟੀ ਗੰਢੀ ਗਈ। ਅਤੇ ਇਹ ਖਿਦਰਾਣੇ ਦੀ ਢਾਬ ਮੁਕਤਿ ਸਰ ਵਿਚ ਬਦਲ ਗਈ।

ਉਪਰੋਕਤ ਇਤਿਹਾਸਕ ਘਟਨਾ ਬਾਰੇ ਇਤਿਹਾਸਕਾਰਾਂ ਦੇ ਕੁਝ ਵਖ ਵਖ ਵਿਚਾਰ ਜ਼ਰੂਰ ਹਨ——ਅਸੀਂ ਇਸ ਚਰਚਾ ਵਿਚ ਨਹੀਂ ਪੈਣਾ, ਪਰ ਬੁਨਿਆਦੀ ਗੱਲ, ਜੋ ਇਸ ਪ੍ਰੇਰਨਾ-ਦਾਇਕ ਘਟਨਾ ਤੋਂ ਸਿਖਿਆ ਮਿਲਦੀ ਹੈ, ਉਸ ਸੰਬੰਧੀ ਜ਼ਰੂਰ ਗੰਭੀਰ ਹੋ ਕੇ ਸੋਚਣ ਦੀ ਲੋੜ ਹੈ।

ਖਾਲਸਾ ਜੀ, ਗਲਤੀ ਕੌਣ ਇਨਸਾਨ ਨਹੀਂ ਕਰ ਸਕਦਾ, ਹਰ ਕੋਈ ਭੁਲ ਸਕਦਾ ਹੈ, ਪਰ ਜੋ ਗਲਤੀ ਦਾ, ਭੁਲ ਦਾ ਅਹਿਸਾਸ ਕਰ ਕੇ ਯੋਗ ਸਮੇਂ ਘਰ ਆ ਜਾਵੇ, ਉਸ ਨੂੰ ਭੁਲਾ ਕਦਾਚਿਤ ਨਹੀਂ ਕਿਹਾ ਜਾ ਸਕਦਾ।

(ਬਾਕੀ ਦੇਖੋ ਸਫ਼ਾ ੧੯ ਦੇ ਹੇਠਾਂ)



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ

[ਵਲੋਂ—ਭਾਈ ਸਾਹਿਬ ਰਾਮ ਸਿੰਘ ਜੀ ਜਥੇਦਾਰ, ਅਖੰਡ ਕੀਰਤਨੀ ਜਥਾ]

ਆਪਣੇ ਇਸ਼ਟ ਦਾ ਸਤਿਕਾਰ ਕਰਨ ਦੀ ਕੋਈ ਹੱਦ ਨਹੀਂ ਹੈ। ਜਿਤਨਾ ਭੀ ਸਤਿਕਾਰ ਹੋ ਸਕੇ, ਉਤਨਾ ਹੀ ਥੋੜਾ ਹੈ । ਗੁਰੂ ਘਰ ਦੇ ਪ੍ਰੇਮੀ ਗੁਰੂ ਸਾਹਿਬ ਜੀ ਦੇ ਸਤਿਕਾਰ ਨੂੰ ਮੁਖ ਰੱਖ ਕੇ :—

੧. ਆਪਣਾ ਜੋੜਾ ਦੂਰ ਉਤਾਰ ਕੇ, ਪੈਰ ਸਾਫ਼ ਕਰਕੇ ਗੁਰੂ ਦਰਬਾਰ ਵਿਚ ਦਾਖ਼ਲ ਹੁੰਦੇ ਹਨ।

੨. ਗੁਰੂ ਸਾਹਿਬ ਜੀ ਨੂੰ ਭੈ-ਭਾਵਨੀ ਵਿਚ ਮੱਥਾ ਟੇਕ ਕੇ ਫਿਰ ਸੰਗਤਿ ਵਿਚ ਬੈਠਦੇ ਹਨ।

੩. ਗੁਰੂ ਸਾਹਿਬ ਜੀ ਵਲ ਮੂੰਹ ਕਰਕੇ ਚੌਕੜਾ ਮਾਰ ਕੇ ਸੰਗਤਿ ਵਿਚ ਬੈਠਦੇ ਹਨ।

੪. ਸੰਗਤ 'ਚੋਂ ਉੱਠ ਕੇ ਬਾਹਰ ਜਾਣ ਤੋਂ ਪਹਿਲੋਂ ਫਿਰ ਗੁਰੂ ਜੀ ਨੂੰ ਮੱਥਾ ਟੇਕ ਕੇ ਬਾਹਰ ਜਾਂਦੇ ਹਨ।

੫. ਜੋ ਭੀ ਤਿਲ ਫੁੱਲ ਗੁਰੂ ਜੀ ਨੂੰ ਭੇਟ ਕਰਨਾ ਹੋਵੇ, ਉਹ ਗੁਰੂ ਜੀ ਅਗੇ ਵਗਾਹ ਕੇ ਨਹੀਂ ਮਾਰਦੇ, ਸਗੋਂ ਸਹਿਜ ਨਾਲ ਮਲਕੜੇ ਜਿਹੇ ਗੁਰੂ ਜੀ ਅੱਗੇ ਧਰ ਕੇ ਮੱਥਾ ਟੇਕਦੇ ਹਨ।

੬. ਕੜਾਹ ਪਰਸ਼ਾਦ ਕਿਸੇ ਸੁਥਰੇ ਸਰਬ ਲੋਹ ਦੇ ਬਾਟੇ ਜਾਂ ਪਰਾਤ ਵਿਚ ਸਾਫ਼ ਸੁਥਰੇ ਸਫ਼ੈਦ ਕਪੜੇ ਨਾਲ ਢੱਕ ਕੇ, ਲਕੜੀ ਦੀ ਸਾਫ਼ ਚੌਂਕੀ ਤੇ ਗੁਰੂ ਜੀ ਮੂਹਰੇ ਜਾਂ ਇਕ ਪਾਸੇ ਰੱਖਦੇ ਹਨ। ਜਿਸ ਕੜਾਹੀ ਵਿਚ ਕੜਾਹ ਪਰਸ਼ਾਦ ਤਿਆਰ ਕੀਤਾ ਜਾਂਦਾ ਹੈ, ਓਸੇ ਕੜਾਹੀ ਨੂੰ ਸਿੱਧਾ ਚੁੱਲ੍ਹੇ ਤੋਂ ਚੁੱਕ ਕੇ ਗੁਰੂ ਜੀ ਮੂਹਰੇ ਨਹੀਂ ਲਿਆ ਰੱਖਦੇ।

੭. ਸੇਵਕ ਜਨ ਦੇਗ ਤਿਆਰ ਕਰਦੇ ਹੋਏ, ਪਾਠ ਕਰਦੇ ਅਤੇ ਨਾਮ ਜਪਦੇ ਹਨ।

੮. ਦੇਗ ਬੜੇ ਧਿਆਨ ਨਾਲ ਤਿਆਰ ਕੀਤੀ ਜਾਂਦੀ ਹੈ—ਭਾਵ ਕਿ ਨਾ ਕੱਚੀ ਰੱਖੀ ਜਾਂਦੀ ਹੈ ਅਤੇ ਨਾ ਹੀ ਜਲਾਈ ਜਾਂਦੀ ਹੈ।

੯. ਭੋਗ ਲਗਾਉਣ ਸਮੇਂ ਤੱਕ ਦੇਗ ਇਤਨੀ ਗਰਮ ਨਹੀਂ ਹੁੰਦੀ ਕਿ ਛਕੀ ਨਾ ਜਾ ਸਕੇ।

੧੦. ਗੁਰੂ ਜੀ ਦਾ ਪਰਸ਼ਾਦ ਦੋ ਹੱਥਾਂ ਵਿੱਚ ਲੈ ਕੇ, ਸ਼ੁਕਰਾਨੇ ਵਜਹੁ ਪਰਸ਼ਾਦ ਵਲ ਸੀਸ ਝੁਕਾਂਦੇ ਹਨ, ਅਤੇ ਪਰਸ਼ਾਦ ਛਕਣ ਲਗੇ ਪਰਸ਼ਾਦ ਦਾ ਕਿਣਕਾ ਭੁੰਜੇ ਨਹੀਂ ਡਿੱਗਣ ਦੇਂਦੇ।

੧੧. ਗੁਰੂ ਸਾਹਿਬ ਜੀ ਦੇ ਤਾਬੇ ਬੈਠਾ ਸਿੰਘ ਗੁਰੂ ਸਾਹਿਬ ਜੀ ਉਤੇ ਚੌਰ ਕਰਦਾ ਹੀ ਰਹਿੰਦਾ ਹੈ। ਚੌਰ, ਮੱਖੀਆਂ ਉਡਾਉਣ ਵਾਸਤੇ ਨਹੀਂ ਕੀਤਾ ਜਾਂਦਾ, ਇਹ ਤਾਂ ਗੁਰੂ ਸਾਹਿਬ ਜੀ ਅੰਦਰ ਹਲੂਲ ਹੋਈ ਵਈ ਰੱਬੀ ਜੋਤਿ ਉਤੇ, ਸਤਿਕਾਰ ਵਜੋਂ ਕੀਤਾ ਜਾਂਦਾ ਹੈ।

੧੨. ਹੁਕਮ ਲੈਣ ਲੱਗਿਆਂ ਗੁਰੂ ਸਾਹਿਬ ਜੀ ਦੇ ਰੁਮਾਲੇ ਨੂੰ ਗੁਰੂ ਸਾਹਿਬ ਜੀ ਦੇ ਪੱਤਰਿਆਂ ਵਿਚ ਨਹੀਂ ਟੁੰਗਿਆ ਜਾਂਦਾ (ਹੁਕਮ ਖੱਬੇ ਪੰਨੇ ਤੋਂ ਪਹਿਲੇ ਸ਼ਬਦ ਦਾ ਲੈਣ ਦੀ ਮਰਯਾਦਾ ਹੈ)।

੧੩. ਰੁਮਾਲਾ ਮੁੜ, ਗੁਰੂ ਸਾਹਿਬ ਜੀ ਉਤੇ ਪਾਉਣ ਲੱਗਿਆਂ ਖ਼ਿਆਲ ਰੱਖਿਆ ਜਾਂਦਾ ਹੈ ਕਿ ਰੁਮਾਲਾ ਖਿੱਚਣ ਨਾਲ ਪੱਤਰਿਆਂ ਦੀਆਂ ਨੁੱਕਰਾਂ ਨਾ ਮੁੜ ਜਾਣ।

੧੪. ਪੱਤਰਾ ਥੱਲਣ ਲੱਗਿਆਂ, ਬਾਹਰਲੇ ਕੋਨੇ ਲਾਗਿਓਂ ਧਿਆਨ ਨਾਲ ਦੂਜੇ ਪੱਤਰਿਆਂ ਤੋਂ ਨਿਖੇੜਕੇ, ਸਹਿਜ ਨਾਲ ਥੱਲਿਆ ਜਾਂਦਾ ਹੈ। ਅੰਗੂਠੇ ਜਾਂ ਉਂਗਲੀ ਨਾਲ, ਲੱਕੋਂ ਪੱਤਰਾ ਥੱਲਣ ਲੱਗਿਆਂ ਪੱਤਰੇ ਦੇ ਜ਼ਖ਼ਮੀ ਹੋਣ ਦੇ (ਫੱਟਣ ਦੇ) ਚਾਨਸ ਬਹੁਤ ਵਧ ਜਾਂਦੇ ਹਨ। ਇੰਜ ਨਹੀਂ ਕਰਨਾ ਚਾਹੀਦਾ।

੧੫. ਸੂਤੀ ਸੁਫ਼ੈਦ ਸਾਫ਼ ਸੁਥਰਾ ਰੁਮਾਲਾ ਪੱਤਰਿਆਂ ਦੀ ਸੇਵਾ ਲਈ ਪਾਸ ਰੱਖਿਆ ਜਾਂਦਾ ਹੈ। ਸਿਲਕ ਜਾਂ ਨਾਇਲਨ ਦਾ ਕਪੜਾ ਕੰਮ ਨਹੀਂ ਦੇਂਦਾ।

੧੬. ਗੁਰੂ ਸਾਹਿਬ ਜੀ ਦੀ ਤਾਬਿਆ ਬੈਠਣ ਤੋਂ ਪਹਿਲੋਂ ਹੱਥਾਂ ਦੀ ਥਿੰਧਿਆਈ ਸਾਬਣ ਆਦਿ ਨਾਲ ਉਤਾਰ



www.AKJ.Org

ਲਈ ਜਾਂਦੀ ਹੈ, ਨਹੀਂ ਤਾਂ ਇਹ ਥਿੰਧਿਆਈ ਪੱਤਰਿਆਂ ਅਥਵਾ ਗੁਰੂ ਸਾਹਿਬ ਜੀ ਦੇ ਰੁਮਾਲਿਆਂ ਨਾਲ ਲੱਗ ਜਾਂਦੀ ਹੈ।

੧੭. ਗੁਰੂ ਸਾਹਿਬ ਜੀ ਦੀ ਤਾਬਿਆ ਸਕੇਸੀਂ ਇਸ਼ਨਾਨ ਕਰ ਕੇ ਸਾਫ ਸੁਥਰਾ ਪੁਸ਼ਾਕਾ ਪਹਿਨ ਕੇ ਹਜੂਰੀਏ ਸਹਿਤ ਹੀ ਬੈਠਿਆ ਜਾਂਦਾ ਹੈ। ਸਕੇਸੀਂ ਇਸ਼ਨਾਨ ਕਰਨ ਦੀ ਮਰਯਾਦਾ ਦੇਗ ਅਥਵਾ ਗੁਰੂ ਕਾ ਲੰਗਰ ਤਿਆਰ ਕਰਨ ਅਤੇ ਵਰਤਾਉਣ ਵਾਲਿਆਂ ਤੇ ਭੀ ਲਾਗੂ ਹੈ।

੧੮. ਗੁਰੂ ਸਾਹਿਬ ਜੀ ਉਪਰ ਸੁਥਰੀ ਅਤੇ ਖੁੱਲ੍ਹੀ ਚਾਨਣੀ ਲੱਗੀ ਹੋਈ ਹੋਣੀ ਚਾਹੀਦੀ ਹੈ।

੧੯. ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਜੇ ਪਾਲਕੀ ਵਿਚ ਕਰਨਾ ਹੋਵੇ ਤਾਂ ਉਹ ਇਤਨੀ ਲੰਬੀ ਚੌੜੀ ਤੇ ਖੁਲ੍ਹੀ ਹੋਵੇ ਕਿ ਗੁਰੂ ਸਾਹਿਬ ਜੀ ਉਪਰ ਚੌਰ ਅਸਾਨੀ ਨਾਲ ਕੀਤਾ ਜਾ ਸਕੇ।

੨੦. ਦੀਵਾਨ ਦੀ ਸਮਾਪਤੀ. ਗੁਰੂ ਸਾਹਿਬ ਜੀ ਦਾ ਸੁਖ-ਆਸਨ ਕਰਨ ਉਪਰੰਤ ਅਰਦਾਸ ਨਾਲ ਸਮਝੀ ਜਾਂਦੀ ਹੈ।

੨੧. ਗੁਰੂ ਸਾਹਿਬ ਜੀ ਦਾ ਸਵਾਰਾ ਸਾਹਿਬ ਲੈ ਆਉਣ ਅਤੇ ਲੈ ਜਾਣ ਲਈ ਘਟੋ ਘਟ ਪੰਜਾਂ ਸਿੰਘਾਂ ਦਾ ਨਾਲ ਹੋਣਾ ਜ਼ਰੂਰੀ ਹੈ।

੨੨. ਦੇਗ ਲਿਆਉਣ ਲੱਗਿਆਂ ਸੰਗਤਿ ਵਿਚ ਦਾਖ਼ਲ ਹੋਣ ਉਪਰੰਤ ਦੇਗ ਮੂਹਰੇ ਜਲ ਦਾ ਛੜਕਾ ਦਰੀਆਂ ਉਤੇ ਨਹੀਂ ਕਰਨਾ ਚਾਹੀਦਾ।

੨੩. ਜਿਨ੍ਹਾਂ ਘਰਾਂ ਵਿੱਚ ਸ੍ਰੀ ਅਖੰਡਪਾਠ ਸਾਹਿਬ, ਤਖ਼ਤ ਪੋਸ਼ ਦੀ ਬਜਾਏ, ਭੁੰਜੇ ਦਰੀ ਵਿਛਾ ਕੇ ਕੀਤਾ ਜਾਂਦਾ ਹੈ, ਉਨ੍ਹਾਂ ਘਰਾਂ ਵਿਚ ਕਿਸੇ ਮੈਂਬਰ ਨੂੰ ਉਸ ਫਰਸ਼ ਉਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਦੌਰਾਨ ਮੰਜੀ ਉੱਤੇ ਨਹੀਂ ਸੌਣਾ ਚਾਹੀਦਾ।

੨੪. ਸਹਿਜ ਪਾਠ ਕਰਨ ਵਾਲੇ ਪ੍ਰੇਮੀ ਨਿਸ਼ਾਨੀ ਦੇ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰਿਆਂ ਵਿਚ ਕਾਗਜ਼ ਦੀ ਪਰਚੀ ਨਹੀਂ ਟੁੰਗਦੇ, ਸਗੋਂ ਪਤਰੇ ਦਾ ਅੰਗ ਵਖਰੀ ਕਾਪੀ ਜਾਂ ਡਾਇਰੀ ਵਿਚ ਨੋਟ ਕਰੀ ਜਾਂਦੇ ਹਨ।

੨੫. ਸੱਚੇ ਪਾਤਸ਼ਾਹ ਜੀ ਦੇ ਸੁਖ-ਆਸਨ ਲਈ ਘਟ ਤੋਂ ਘਟ ਦੋ, ਸਾਫ਼ ਸੁਥਰੇ ਅਤੇ ਖੁਲ੍ਹੇ ਕੱਦ ਦੇ, ਰੁਮਾਲੇ ਹੋਣੇ ਜ਼ਰੂਰੀ ਹਨ।


# ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ਰੰਗਲੇ ਸਜਣ (ਨਵੀਂ ਐਡੀਸ਼ਨ) | ੭-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ? | ੩-੭੫ |
| ਅਨਹਦ ਸ਼ਬਦ ਦਸਮ ਦੁਆਰ | ੬-੦੦ |
| ਗੁਰਮਤਿ ਰਮਜ਼ਾਂ | ੧-੩੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ |
| ਸਚਖੰਡ ਦਰਸ਼ਨ | ੧-੭੫ |
| ਝਟਕਾ ਮਾਸ ਪ੍ਰਥਾਇ ਨਿਰਣੈ | ੪-੦੦ |
| ਵਾਹਿਗੁਰੂ ਸਿਮਰਨ | ੦-੪੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ |
| ਪੂਰਬ ਜਨਮ ਕੇ ਮਿਲੇਸੰਜੋਗੀ | ੭-੦੦, ੪-੦੦ |
| ਵੈਸਾਖੀ ਦਾ ਖੂਨੀ ਸਾਕਾ | ੧-੫੦ |
| HAIR--A DIVINE GIFT | 0-40 |
| Dawn of Divine Wisdom | 0-75 |
| ਜੇਲ੍ਹ ਚਿਠੀਆਂ | ੧੫-੮੦ |
| ਅੰਮ੍ਰਿਤ ਕੀ ਹੈ ? | ੧-੦੦ |
| ਗੁਰਮਤਿ ਲੇਖ | ੫-੫੦ |
| ਗੁਰਮਤਿ ਵਿਚਾਰ | ੫-੫੦ |
| ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ |
| ਨਾਮ ਸੰਬੰਧੀ ਵਿਚਾਰ | ੦-੯੦ |
| ਆਸਤਕ ਤੇ ਨਾਸਤਕ | ੦-੩੫ |
| ਉਮਰ ਕੈਦੀ ਦਾ ਸੁਪਨਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੫੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੫੦ |
| ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰਮਤਿ ਅਨਹਦ ਸ਼ਬਦ | ੦-੨੫ |
| ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੦-੫੦ |
| ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |





www.AKJ.Org

# ਕੀਰਤਨ ਤੇ ਕੀਰਤਨੀਆ

[ਬੀਬੀ ਭੁਪਿੰਦਰ ਕੌਰ ਜੀ, ਸ੍ਰੀ ਅੰਮ੍ਰਿਤਸਰ]

ਕੀਰਤਨ ਨਿਹਚਲ ਕਰਮ ਹੈ, ਅਤੇ ਇਹ ਅਕਾਲ ਪੁਰਖ ਦੀ ਨੇੜਤਾ ਪ੍ਰਾਪਤ ਕਰਨ ਲਈ ਇਕ ਸਰਲ ਵਿਧੀ ਹੈ। ਕੀਰਤਨ ਨੂੰ ਸੰਗੀਤ ਰਾਹੀਂ ਅਲਾਪਣਾ, ਅਥਵਾ ਰਾਗਾਂ ਰਾਹੀਂ ਬਾਣੀ ਦਾ ਉਚਾਰਨ ਕਰਨਾ ਵੀ ਇਕ ਭਗਤੀ ਹੈ। ਸੰਗੀਤ ਦਾ ਜਨਮ ਟਿਕੇ ਹੋਏ ਹਿਰਦੇ ਤੋਂ ਹੋਇਆ ਹੈ, ਪਰ ਨਿਰੇ ਸੰਗੀਤ ਵਿਚੋਂ ਹੀ ਮਨ ਦਾ ਟਿਕਾਉ ਲਭਣ ਦੀ ਕੋਸ਼ਿਸ਼ ਕਰੀਏ ਤਾਂ ਅਸੰਭਵ ਹੈ। ਸੁਰਤੀ ਅਕਾਲ ਪੁਰਖ ਵਲ ਕਰ ਕੇ, ਮਨ ਕਰ ਕੇ ਟਿਕ ਜਾਈਏ ਤਾਂ ਸੰਗੀਤਕ ਝਰਨੇ ਆਪੇ ਹੀ ਵਹਿ ਤੁਰਦੇ ਹਨ।

ਇਹ ਕੀਰਤਨ-ਪਰੰਪਰਾ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਅਰੰਭ ਕੀਤੀ। ਭਾਈ ਮਰਦਾਨਾ ਜੀ ਨੂੰ ਰਬਾਬ ਪਕੜਾ ਕੇ ਆਪ ਅਕਾਲ ਪੁਰਖ ਨਾਲ ਜੁੜ ਜਾਣਾ ਤੇ ਫਿਰ ਜੋ ਅਰਸ਼ੀ ਬਾਣੀ ਅਕਾਲ ਪੁਰਖ ਨੇ ਬਖ਼ਸ਼ਣੀ ਉਸ ਦਾ ਟਿਕਾਅ ਅਤੇ ਵਜਦ ਵਿਚ ਕੀਰਤਨ ਕਰਨਾ।

ਜਦੋਂ ਸਤੇ ਬਲਵੰਡ ਨੇ ਹਉਮੈ ਵਿਚ ਆ ਕੇ ਕੀਰਤਨ ਕਰਨ ਤੋਂ ਇਨਕਾਰ ਕੀਤਾ ਤਾਂ ਸਤਿਗੁਰੂ ਸਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਸਰੰਦਾ ਚੁਕਿਆ ਤੇ ਕੀਰਤਨ ਦੀ ਸੰਗੀਤਕ ਰਾਗ-ਮਈ ਧੁਨ ਛੇੜ ਦਿਤੀ। ਸ਼ਾਂਤੀ ਤੇ ਸਬਰ ਦੇ ਪੁੰਜ ਗੁਰੂ ਪਾਤਸ਼ਾਹ ਜੀ ਨੇ ਫਿਰ ਸੰਗਤਾਂ ਨੂੰ ਰਲ ਮਿਲ ਕੇ ਕੀਰਤਨ ਕਰਨ ਦਾ ਉਪਦੇਸ਼ ਦਿਤਾ।

ਅਸਲ ਵਿਚ ਸੰਗੀਤ ਦਾ ਜਨਮ ਕਾਦਰ ਦੀ ਕੁਦਰਤ ਨਾਲ ਇਕ-ਮਿਕ ਹੋਏ ਹਿਰਦਿਆਂ ਤੋਂ ਹੀ ਹੋਇਆ ਹੈ। ਜੋ ਕੁਝ ਅਸੀਂ ਬੋਲਦੇ ਹਾਂ, ਜੇ ਉਹ ਬੋਲੇ ਹੋਏ ਸ਼ਬਦ ਕਿਸੇ ਤਰਤੀਬ ਵਿਚ ਹੋਵਣ ਤਾਂ ਉਸ ਨੂੰ ਅਸੀਂ ਕਵਿਤਾ ਦੀ ਸੰਗਿਆ ਦੇਂਦੇ ਹਾਂ। ਇਸੇ ਤਰ੍ਹਾਂ ਗਲੇ ਵਿਚੋਂ ਨਿਕਲੇ ਸੁਰ ਜੇਕਰ ਕਿਸੇ ਤਰਤੀਬ ਵਿਚ ਹੋਣ ਤਾਂ ਉਹ ਸੰਗੀਤ ਬਣ ਜਾਂਦਾ ਹੈ।

ਹਿਰਦੇ ਦੀ ਗਹਿਰਾਈ ਵਿਚੋਂ ਜਦੋਂ ਸੰਗੀਤ ਦੀ ਧੁਨ ਉਠਦੀ ਹੈ ਤਾਂ ਮਨ ਮਉਲ ਉਠਦਾ ਹੈ। ਜੇਕਰ ਸੰਗੀਤ ਕੀਰਤਨ ਦੇ ਰੂਪ ਵਿਚ ਵਸ ਪਏ, ਤੇ ਵਸੇ ਉਸ ਹਿਰਦੇ ਵਿਚੋਂ, ਜੋ ਹਿਰਦਾ ਉਸ ਪਿਆਰੇ ਦੀ ਯਾਦ ਵਿਚ ਨਿਮਗਨ ਹੋਵੇ ਤਾਂ "ਕਹਿਬੇ ਕਉ ਸੋਭਾ ਨਹੀ।"

ਰਾਗ ਇਕ ਸੁੰਦਰ ਬਰਤਨ ਹੈ। ਜਦੋਂ ਇਸ ਵਿਚ ਗੁਰੂ ਦੀ ਬਾਣੀ, ਗੁਰੂ ਦਾ ਸ਼ਬਦ ਆ ਪੈਂਦਾ ਹੈ ਤਾਂ ਉਹ ਕੀਰਤਨ ਬਣ ਜਾਂਦਾ ਹੈ, ਜੋ ਜੀਵ ਦੀਆਂ ਸਾਰੀਆਂ ਭੁੱਖਾਂ ਮੇਟ ਦਿੰਦਾ ਹੈ। ਫ਼ੁਰਮਾਨ ਹੈ—

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥੧॥੪॥

ਸਲੋਕੁ ਮ: ੫, ਪੰਨਾ ੯੫੮

ਗੁਰਬਾਣੀ ਨੂੰ ਸੰਗੀਤ ਵਿਚ ਪਾ ਕੇ ਪ੍ਰੇਮ ਨਾਲ ਗਾਉਣ ਵਾਲਾ 'ਕੀਰਤਨੀਆ' ਅਖਵਾਂਦਾ ਹੈ ਤੇ ਉਸ ਦੀ ਪਦਵੀ ਮਹਾਨ ਹੈ—

ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ॥੧॥ਰਹਾਉ॥

ਰਾਮਕਲੀ ਮ: ੫, ਪੰਨਾ ੮੮੫

ਕੀਰਤਨ ਉਸ ਦਾ ਹੀ ਕਰਨਾ ਬਣਦਾ ਹੈ ਜੋ ਵਡੀ ਕੀਰਤੀ ਦਾ ਮਾਲਕ ਹੈ ਤੇ ਜਿਸ ਦੀ ਹਸਤੀ ਏਨੀ ਗੌਰਵਸ਼ੀਲ ਹੈ ਕਿ ਉਸ ਦੀ ਉਸਤਤੀ ਕਰਦਿਆਂ ਜ਼ਬਾਨ ਥਕ ਜਾਏ, ਪਰ ਉਸ ਦੇ ਗੁਣ ਨਾ ਮੁਕਣ।

ਐਸੋ ਧਣੀ ਗੁਵਿੰਦੁ ਹਮਾਰਾ ॥
ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ਰਹਾਉ॥ [ਭੈਰਉ ਮ: ੫, ਪੰਨਾ ੧੧੫੬



www.AKJ.Org

ਸੋ ਕੀਰਤਨ ਉਸ ਦਾ ਕਰੀਏ, ਜਿਸ ਦੇ ਕਰਨ ਨਾਲ ਆਤਮਕ ਸ਼ਾਂਤੀ ਮਿਲੇ ਅਤੇ ਚੜ੍ਹਦੀ ਕਲਾ ਹੋਵੇ ਤੇ ਜੀਵਨ-ਜਾਚ ਪ੍ਰਾਪਤ ਹੋਵੇ । ਐਹੋ ਜਿਹੇ ਚੋਜੀ ਦੀ ਕੀਰਤੀ ਕਰਨ ਲਗਿਆਂ ਜਿਥੇ ਸਾਜ਼ਾਂ ਦਾ ਸੁਰ ਹੋਣਾ ਜ਼ਰੂਰੀ ਹੈ, ਉਥੇ ਜੀਵਨ ਵੀ ਸੁਰ ਹੋਣਾ ਬਹੁਤ ਜ਼ਰੂਰੀ ਹੈ। ਹਾਰਮੋਨੀਅਮ, ਸਰੰਦਾ ਜਾਂ ਤਬਲਾ ਥੋੜਾ ਜਿਹਾ ਵੀ ਬੇਸੁਰਾ ਹੋਵੇ ਤਾਂ ਕੀਰਤਨ ਕਰਨਹਾਰਾ ਬੜੀ ਔਖ ਮਹਿਸੂਸ ਕਰਦਾ ਹੈ। ਕੀਰਤਨ ਕਰਨ ਤੋਂ ਪਹਿਲਾਂ ਅਸੀਂ ਆਪਣੇ ਸਾਜ਼ ਸੁਰ ਕਰਦੇ ਹਾਂ ਅਤੇ ਗਲੇ ਵਿਚੋਂ ਠੀਕ ਸੁਰ ਕਢਣ ਲਈ ਕੁਝ ਓੜ-ਤੋੜ ਕਰਦੇ ਹਾਂ। ਤੇ ਜੇਕਰ ਨਾਲ ਹੀ ਆਪਣਾ ਮਨ ਵੀ ਸਤਿਗੁਰਾਂ ਦੇ ਚਰਨਾਂ ਨਾਲ ਜੋੜ ਕੇ ਸੁਰ ਕਰ ਲਈਏ ਅਤੇ ਬਾਹਰਮੁਖੀ ਸਾਰਾ ਪ੍ਰਗਟਾਵਾ ਛਡ ਕੇ "ਆਤਮ ਕੈ ਚਾਇ" ਕੀਰਤਨ ਕਰੀਏ ਤਾਂ ਆਪ ਵੀ ਅਨੰਦ ਮਾਣ ਸਕਦੇ ਹਾਂ ਅਤੇ ਸੁਣਨਹਾਰੇ ਵੀ ਅਵੱਸ਼ ਅਨੰਦਤ ਹੋਣਗੇ। ਅਜਿਹਾ ਕੀਰਤਨ ਸੱਚੀ ਦਰਗਾਹੇ ਪਰਵਾਨ ਹੈ।

ਸਮੁੱਚਾ ਮਨੁਖੀ ਜੀਵਨ ਵੀ ਇਕ ਵਾਜਾ ਹੈ, ਜਿਸ ਵਿਚ ਵਾਹਿਗੁਰੂ ਜੀ ਨੇ ਪੰਜ ਤਾਰਾਂ ਪਾਈਆਂ ਹੋਈਆਂ ਹਨ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਇਹ ਜੀਵਨ ਦੇ ਪੰਜ ਤਾਰ ਹਨ। ਜੇ ਜੀਵਨ ਦੇ ਇਹ ਤਾਰ ਬੇਸੁਰੇ ਬੋਲਣ ਤਾਂ ਜੀਵਨ ਫਿੱਕਾ ਤੇ ਬੇਸੁਆਦਾ ਹੋ ਜਾਂਦਾ ਹੈ। ਪਰ ਸਤਿਗੁਰਾਂ ਦੀ ਬਖ਼ਸ਼ਸ਼ ਹੋ ਜਾਵੇ ਤੇ ਇਹ ਜੀਵਨ-ਤਾਰ ਸੁਰ ਹੋ ਜਾਣ ਤਾਂ ਜੀਵਨ ਵਿਚ ਖੇੜਾ ਖਿੜ ਪੈਂਦਾ ਹੈ ਅਤੇ ਸਮੁਚਾ ਜੀਵਨ ਸੁਗੰਧਤ ਹੋ ਕੇ ਹੋਰਨਾਂ ਨੂੰ ਵੀ ਸੁਗੰਧਤ ਕਰਦਾ ਹੈ। ਸੰਗਤ ਦੀ ਬਖ਼ਸ਼ਸ਼ ਤੇ ਸਤਿਗੁਰੂ ਦੀ ਮਿਹਰ ਨਾਲ 'ਕਾਮ' ਸ਼ਰਮ ਹਯਾ ਦਾ ਰੂਪ ਧਾਰਨ ਕਰ ਜਾਂਦਾ ਹੈ ਤੇ ਮੋਹ ਪ੍ਰੇਮ ਵਿਚ ਬਦਲ ਕੇ, ਵਡੇ ਗੁਣਾਂ ਦੇ ਉਸ ਮਾਲਕ ਦੀ ਸਰਬ ਸ੍ਰਿਸ਼ਟੀ ਨੂੰ ਪਿਆਰ ਕਰਨ ਲਗ ਜਾਂਦਾ ਹੈ। ਲੋਭ ਸਬਰ ਸੰਤੋਖ ਦੀ ਹੱਦ ਵਿਚ ਆ ਜਾਂਦਾ ਹੈ। ਬਿਕਰਾਲ ਰੂਪ ਕ੍ਰੋਧ ਬੀਰ ਰਸ ਵਿਚ ਬਦਲ ਜਾਂਦਾ ਹੈ ਤੇ ਹੰਕਾਰ ਅਣਖ ਦਾ ਰੂਪ ਧਾਰ ਲੈਂਦਾ ਹੈ। ਸੋ ਇਹਨਾਂ ਪੰਜ ਬੇਸੁਰੇ ਤਾਰਾਂ ਨੂੰ ਜੇ ਥੋੜਾ ਜਿਹਾ ਵੀ ਸੁਰ ਕਰ ਲਈਏ, ਅਤੇ ਫਿਰ ਉਸ ਪਿਆਰੇ ਦੀ ਬਾਣੀ ਦਾ ਕੀਰਤਨ ਕਰੀਏ ਤਾਂ ਸਹੀ ਅਰਥਾਂ ਵਿਚ ਕੁਝ ਕਰ ਰਹੇ ਹੁੰਦੇ ਹਾਂ।

ਜਿਥੇ ਅਵਾਜ਼ ਨੂੰ ਤਰਤੀਬ ਦੇਣ ਨਾਲ ਸੰਗੀਤ ਉਪਜਦਾ ਹੈ ਉਥੇ ਮਨੁਖੀ ਜਜ਼ਬਿਆਂ ਨੂੰ ਨਿਯਮ-ਬਧ ਰਖਣ ਨਾਲ ਸਮੁੱਚੀ ਸ਼ਖਸੀਅਤ ਰਾਗਾਤਮਿਕ ਹੋ ਜਾਂਦੀ ਹੈ। ਅਸਾਂ ਸੰਸਾਰ ਵਿਚ ਵਿਚਰਨਾ ਹੈ। ਜੇ ਸਾਡਾ ਖਾਣਾ, ਪੀਣਾ, ਪਹਿਨਣਾ, ਉਠਣਾ, ਬੈਠਣਾ, ਸੌਣਾ, ਜਾਗਣਾ ਤੇ ਬੋਲਣਾ, ਸਾਰੇ ਕਾਰ-ਵਿਹਾਰ ਇਕ-ਸਾਰ ਹੋ ਜਾਣ ਅਤੇ ਬਾਕਾਇਦਗੀ ਵਿਚ ਆ ਜਾਵਣ ਤੇ ਸਹੀ ਅਰਥਾਂ ਵਿਚ ਅਨੰਦ ਹੈ, ਜ਼ਿੰਦਗੀ ਦੇ ਉਦੇਸ਼ ਨੂੰ ਪੂਰਿਆਂ ਕਰਨ ਦਾ। ਸੋ ਬਾਣੀ ਦਾ ਜੋ ਭਾਵ ਹਿਰਦੇ ਦੇ ਅੰਤਰੀਵੀ ਕੋਨੇ ਵਿਚ ਵਸੇਗਾ, ਉਸੇ ਹੀ ਵਹਾਉ ਦੇ ਆਸਰੇ ਸੰਗੀਤਕ ਧੁਨ ਨਿਕਲੇਗੀ।

ਕੀਰਤਨ ਆਤਮਕ ਖ਼ੁਰਾਕ ਹੈ। ਜੋ ਕਠੋਰ ਹਿਰਦੇ ਕਦੇ ਨਹੀਂ ਪਸੀਜਦੇ, ਉਹ ਗੁਰਬਾਣੀ ਦੀ ਸੰਗੀਤਕ ਧੁਨ ਨਾਲ ਮੋਮ ਹੋ ਜਾਂਦੇ ਹਨ, ਬਸ਼ਰਤੇ ਕਿ ਧੁਨੀ ਹਿਰਦੇ ਦੀ ਤਹਿ ਵਿਚੋਂ ਨਿਕਲੀ ਹੋਵੇ। ਹਾਂ, ਕੀਰਤਨੀਏ ਦੀ ਸੁਰਤੀ ਉਕਾਬ ਪੰਛੀ ਵਾਂਗ ਉਤਾਂਹ ਹੀ ਰਹੇ, ਇਧਰ ਉਧਰ ਖਿਆਲਾਂ ਵਿਚ ਨਾ ਉਲਝੀ ਰਹੇ। ਸੋ ਘਾਲਣਾ ਦੀ ਜ਼ਰੂਰਤ ਤਾਂ ਅਵੱਸ਼ ਹੈ, ਪਰ ਗੁਰੂ ਪ੍ਰਾਇਣ ਹੋ ਕੇ ਜੇ ਉਦਮ ਧਾਰੀਏ ਤਾਂ ਵਾਹਿਗੁਰੂ ਜੀ ਆਪ ਹੀ ਅਗਵਾਈ ਕਰਨਗੇ।

---

**ਦਸੰਬਰ 82 ਦਾ 'ਸੂਰਾ'**—ਇਹ ਪਰਚਾ ਡਾਕ ਵਿਚ ਬਹੁਤ ਜ਼ਿਆਦਾ ਗੁੰਮ ਹੋਇਆ ਹੈ। ਭਾਵੇਂ ਅਸਾਂ ਕਾਫ਼ੀ ਸਜਣਾਂ ਨੂੰ ਦੁਬਾਰਾ ਪਰਚੇ ਭੇਜੇ ਹਨ, ਪਰ ਅਜੇ ਵੀ ਹੋਰ ਗੁੰਮ ਹੋਣ ਦੇ ਪੱਤਰ ਆ ਰਹੇ ਹਨ। ਹੁਣ ਪਰਚਾ ਖਤਮ ਹੈ। ਹੋਰ ਨਾ ਭੇਜ ਸਕਣ ਦੀ ਖਿਮਾ ਮੰਗਦੇ ਹਾਂ ਜੀ।


www.AKJ.Org

# ਅੰਦਰੂਨੀ ਖ਼ੁਦਮੁਖ਼ਤਿਆਰੀ ਦੀ ਲੋੜ

[ਵਲੋਂ—ਸਾਥੀ ਜਸਵੰਤ ਸਿੰਘ ਜੀ ਕੰਵਲ]

ਜਦੋਂ ਕਿਸੇ ਜਾਬਰ ਨੇ ਘਟ-ਗਿਣਤੀ ਦੀ ਕੌਮ ਨੂੰ ਮਾਰਨਾ ਹੋਵੇ, ਪਹਿਲੋਂ ਉਸ ਦੀਆਂ ਆਰਥਿਕ ਜੜ੍ਹਾਂ ਵਢਦੀ ਹੈ, ਤਾਂ ਜੁ ਨਵੇਂ ਸੋਤੇ ਨਾ ਫੁਟ ਪੈਣ। ਉਸ ਨੂੰ ਘਸਿਆਰੀ ਬਣਾ ਕੇ ਫਿਰ ਉਸ ਦੀ ਭਾਸ਼ਾ ਤੇ ਸਭਿਆਚਾਰ ਨੂੰ ਤਬਾਹ ਕੀਤਾ ਜਾਂਦਾ ਹੈ। ਅਖ਼ੀਰ ਚਿ ਉਸ ਦੀਆਂ ਰਵਾਇਤਾਂ ਦੀ ਖਿਲੀ ਉਡਾਂਦੀ, ਇਤਿਹਾਸ ਨੂੰ ਬਦਲਦਿਆਂ ਹਾਕਮ ਜਮਾਤ ਆਪਣੇ ਸਭਿਆਚਾਰ, ਜ਼ਬਾਨ ਅਤੇ ਧਰਮ ਵਿਚ ਢਾਲ ਲੈਂਦੀ ਹੈ। ਅਫਰੀਕੀ ਨੌਆਬਾਦੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ। ਸਗੋਂ ਘਟ-ਗਿਣਤੀ ਜਾਬਰ ਸਾਮਰਾਜ ਨੇ ਬਹੁ-ਗਿਣਤੀ ਅਫ਼ਰੀਕੀਆਂ ਦੀਆਂ ਜਾਇਦਾਦਾਂ ਹੜੱਪ, ਬੋਲੀ, ਸਭਿਆਚਾਰ ਤੇ ਇਤਿਹਾਸ ਤਬਾਹ ਕਰ ਕੇ ਉਹਨਾਂ ਦੇ ਹੱਥ ਅੰਜੀਲ ਫੜਾ ਦਿੱਤੀ।

ਪਰ ਪੰਜਾਬ ਦੀ ਸਥਿਤੀ ਵਿਚ ਭਾਰਤ ਸਰਕਾਰ ਨੇ ਭੂਗੋਲਿਕ ਹਦਾਂ ਵੀ ਭੰਨ ਸੁਟੀਆਂ ਹਨ। ਪੰਜਾਬੀ ਸੂਬਾ ਲਕੀਰਦਿਆਂ ਕਿੰਨੇ ਹੀ ਪੰਜਾਬੀ-ਬੋਲਦੇ ਇਲਾਕੇ ਬਾਹਰ ਰਖ ਕੇ, ਲੋਕਾਂ ਨੂੰ ਮੋਰਚਿਆਂ ਦੇ ਰਾਹ ਪਾ ਦਿਤਾ। ਕੇਂਦਰੀ ਸਰਕਾਰ ਦੀ ਈਮਾਨਦਾਰੀ ਵੇਖੋ, ਦਰਿਆਵਾਂ ਦੀ ਮਾਲਕੀ ਪੰਜਾਬ ਦੀ, ਪਰ ਅੱਸੀ ਪ੍ਰਤੀਸ਼ਤ ਪਾਣੀ ਹਰਿਆਣਾ, ਰਾਜਸਥਾਨ ਤੇ ਦਿਲੀ ਵਰਤਣਗੇ। ਘਰ ਬਾਰ ਤੇਰਾ, ਕੋਠੀ ਹੱਥ ਨਾ ਲਾਈਂ। ਹੋਰ ਲੋਹੜਾ, ਆਪਣੇ ਦਰਿਆਵਾਂ ਦੀ ਬਿਜਲੀ ਪੰਜਾਬ ਨਹੀਂ ਵਰਤ ਸਕਦਾ। ਕਿਉਂਕਿ ਸਾਰੀ ਬਿਜਲੀ ਵਰਤਣ ਨਾਲ ਪੰਜਾਬ ਇੰਡਸਟਰੀ ਲਾ ਕੇ ਖੁਸ਼ਹਾਲ ਹੋ ਜਾਵੇਗਾ। ਆਰਥਿਕ ਪਖੋਂ ਇਸ ਦਾ ਸਿਰ ਹਰ ਤਰ੍ਹਾਂ ਨਪ ਕੇ ਰਖਣਾ ਹੈ। ਬਿਹਾਰ ਦੇ ਖਾਣ-ਮਜ਼ਦੂਰ ਹੜਤਾਲ ਛਡਣਗੇ, ਫਿਰ ਖੜੀਆਂ ਗਡੀਆਂ ਢਿਚਕੂੰ ਢਿਚਕੂੰ ਕਰਦੀਆਂ ਤੁਰਨਗੀਆਂ। ਫਿਰ ਕਿਤੇ ਜਾ ਕੇ ਪੰਜਾਬ ਦੇ ਥਰਮਲ ਪਲਾਂਟਾਂ ਦੀਆਂ ਟਰਬਾਈਨਾਂ ਨੂੰ ਗੇੜਾ ਆਵੇਗਾ। ਕੋਲਾ ਤਾਂ ਬਠਿੰਡੇ ਨੂੰ ਪੂਰਾ ਨਹੀਂ ਆ ਰਿਹਾ, ਹੋਰ ਪਲਾਂਟਾਂ ਨੂੰ ਕੀ ਪੂਰੀ ਪਵੇਗੀ। ਅਸਲ ਗੱਲ ਇਹ ਹੈ, ਕੇਂਦਰ ਕੋਲੇ ਦੇ ਪਖੋਂ ਪੰਜਾਬ ਨੂੰ ਗੋਡੇ ਹੇਠ ਦੇਈ ਰਖਣਾ ਚਾਹੁੰਦਾ ਹੈ। ਉਹ ਸਮਝਦਾ ਏ, ਜੇ ਪੰਜਾਬ ਬਿਜਲੀ ਵਿਚ ਸਰਬ ਸਮਰੱਥ ਹੋ ਗਿਆ, ਫਿਰ ਸਾਨੂੰ ਕੀਹਨੇ ਪੁੱਛਣਾ ਏਂ। ਪਾਣੀ ਵਾਲੀ ਸਸਤੀ ਬਿਜਲੀ ਛਡ ਕੇ, ਕੋਲੇ ਦੀ ਮਹਿੰਗਾਈ ਤੇ ਠੀਕਰੇ ਪਏ ਦੁੱਧ ਵਾਲੀ ਬਿਜਲੀ ਦਾ ਸੌਦਾ ਕੋਈ ਅਨਾੜੀ ਤੇ ਮੂਰਖ ਹੀ ਕਰੇਗਾ।

ਪੰਜਾਬ ਦੇ ਕਣਕ ਅਤੇ ਚੌਲ ਕੇਂਦਰ ਮਨਮਰਜ਼ੀ ਦਾ ਭਾਅ ਬੰਨ੍ਹ ਕੇ ਚੁਕਦਾ ਹੈ। ਪਰ ਬਾਹਰਲੇ ਦੇਸ਼ਾਂ ਤੋਂ ਅੱਸੀ ਰੁਪਏ ਪ੍ਰਤੀ ਕੁਇੰਟਲ ਵਧ ਦੇ ਕੇ ਲੈਂਦਾ ਹੈ। ਆਪਣੀ ਅਕਾਨਮੀ ਨੂੰ ਸਥਿਰ ਰਖਣ ਲਈ ਪੰਜਾਬ ਦੇ ਕਿਸਾਨਾਂ ਨੂੰ ਬਲੀ ਦਾ ਬਕਰਾ ਬਣਾਇਆ ਜਾਂਦਾ ਹੈ। ਮਹਿੰਗਾਈ ਹੋਰ ਵਧ ਜਾਂਦੀ ਹੈ। ਕਰੰਸੀ ਦਾ ਫੈਲਾਅ ਹੋਰ ਹੋ ਜਾਂਦਾ ਹੈ ਤੇ ਗਰੀਬੀ ਮੌਤ ਦੇ ਬੂਹੇ ਜਾ ਖੜਕਾਉਣ ਲਗਦੀ ਹੈ ਤੇ ਵੱਟੇ ਵਿਚ ਪੰਜਾਬ ਦੇ ਕਿਸਾਨਾਂ ਨੂੰ ਹਰ ਚੀਜ਼ ਬਲੈਕ ਵਿਚ ਲੈਣੀ ਪੈਂਦੀ ਹੈ। ਮਿਲਾਵਟ ਵਾਲੀਆਂ ਦਵਾਈਆਂ ਤੇ ਖਾਦ ਉਸ ਦੇ ਮੱਥੇ ਮੜ੍ਹੀ ਜਾਂਦੀ ਹੈ। ਕੰਟਰੋਲ ਰੇਟ ਦੀ ਦਸਾਂ ਨਹੁੰਆਂ ਦੀ ਕਮਾਈ ਉਤੇ ਹਰ ਪਾਸਿਉਂ ਬਲੈਕ ਤੇ ਦੋਹਰੀ ਲੁਟ ਚਾੜ੍ਹੀ ਹੋਈ ਹੈ। ਇਸ ਦੋਹਰੀ ਮਾਰ ਹੇਠਾਂ ਪੰਜਾਬ ਆਪਣੇ ਪੈਰਾਂ ਉਤੇ ਕਦੋਂ ਖਲੋਇਆ!

ਭਾਸ਼ਾ ਤੇ ਸਭਿਆਚਾਰ ਨੂੰ ਸੋਚੀ ਸਮਝੀ ਸਕੀਮ ਨਾਲ ਵਿਗਾੜਿਆ ਜਾ ਰਿਹਾ ਹੈ। ਰੇਡੀਓ ਅਤੇ ਟੀ. ਵੀ. ਉਤੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਹਾਸੋਹੀਣਾ ਤਮਾਸ਼ਾ ਨਿੱਤ ਹੀ ਵੇਖਿਆ ਜਾ ਸਕਦਾ ਹੈ। ਵਿਦਿਅਕ ਕੋਰਸਾਂ ਵਿਚ ਹਿੰਦੀ ਤੇ ਸੰਸਕ੍ਰਿਤ ਨੂੰ ਮਲੋਮਲੀ ਘੁਸੇੜਿਆ ਜਾ ਰਿਹਾ ਹੈ, ਜਦੋਂ ਕਿ ਉਸ ਦੇ ਮੁਕਾਬਲੇ ਬੋਲਚਾਲ ਦੇ ਸਾਰਥਕ ਸ਼ਬਦ ਪੰਜਾਬੀ ਵਿਚ ਆਮ ਮਿਲਦੇ ਹਨ। ਫ਼ਾਰਸੀ, ਅੰਗਰੇਜ਼ੀ ਅਤੇ ਸੰਸਕ੍ਰਿਤ ਦੇ ਆਮ ਬੋਲੇ ਜਾਂਦੇ ਸ਼ਬਦ ਹੁਣ ਪੰਜਾਬੀ ਹਨ। ਉਹਨਾਂ ਦੀ ਥਾਂ ਓਪਰੇ ਤੇ ਔਖੇ ਸ਼ਬਦ ਜ਼ਬਰਦਸਤੀ ਲਾਗੂ ਕਰਨਾ



www.AKJ.Org

(ਜਿਵੇਂ ਕਿ ਯੂਨੀਵਰਸਿਟੀਆਂ ਰਾਹੀਂ ਕੀਤਾ ਜਾ ਰਿਹਾ ਹੈ) ਪੰਜਾਬੀ ਜ਼ਬਾਨ ਵਿਚ ਖੋਟ ਪਾਉਣਾ ਤੇ ਵਿਗਾੜਨਾ ਹੈ। (ਇਸ ਮਸਲੇ ਬਾਰੇ ਪੰਜਾਬੀ ਭਾਸ਼ਾ ਕਨਵੈਨਸ਼ਨਾਂ ਕਰ ਕੇ ਅਸੀਂ ਸਰਕਾਰ ਤੇ ਪੰਜਾਬੀਆਂ ਨੂੰ ਖ਼ਬਰਦਾਰ ਕਰ ਚੁਕੇ ਹਾਂ।)

ਦੇਸ਼ ਨੂੰ ਆਜ਼ਾਦ ਕਰਨ ਸਮੇਂ ਸਾਮਰਾਜ ਨੇ ਹਿੰਦੂ, ਮੁਸਲਮਾਨ ਤੇ ਸਿਖਾਂ ਨੂੰ ਤਿੰਨ ਕੌਮਾਂ ਮੰਨਿਆ, ਜਿਨ੍ਹਾਂ ਦੀ ਪ੍ਰਤਿਨਿਧਤਾ ਕਾਂਗਰਸ, ਮੁਸਲਿਮ ਲੀਗ ਤੇ ਅਕਾਲੀ ਦਲ ਨੇ ਕੀਤੀ। ਇਹ ਇਤਿਹਾਸਕ ਸੱਚ ਹੈ, ਜਿਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਇਹ ਤਿੰਨੇ ਨੈਸ਼ਨਲਿਸਟ ਸਨ ਜਾਂ ਫ਼ਿਰਕਾਪ੍ਰਸਤ ? ਮਹਾਤਮਾ ਗਾਂਧੀ, ਜਿਹੜਾ ਕਹਿੰਦਾ ਸੀ, ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ, ਮਿਸਟਰ ਜਿਨਾਹ ਦੇ ਬਰਾਬਰ "ਫ਼ਿਰਕਾ-ਪ੍ਰਸਤ" ਸੀ। ਕਿਉਂਕਿ ਉਸ ਪਾਕਿਸਤਾਨ ਨੂੰ ਮਾਣਤਾ ਨਾਲ ਅਸ਼ੀਰਵਾਦ ਵੀ ਦਿਤੀ। ਉਸ ਸਮੇਂ ਕੌਮਪ੍ਰਸਤੀ ਦੀ ਹਾਰ ਤੇ ਫ਼ਿਰਕਾਪ੍ਰਸਤੀ ਦੀ ਜਿੱਤ ਹੋਈ ਸੀ। ਇਹ ਇਤਿਹਾਸ ਦਾ ਨੰਗਾ ਚਿੱਟਾ ਫ਼ਤਵਾ ਹੈ। ਪਰ ਇਕ ਹਕੀਕਤ ਤੋਂ ਹੋਰ ਪਰਦਾ ਚੁਕਿਆ ਗਿਆ ਹੈ, ਜਿਹੜਾ ਪ੍ਰੈਸ ਨੇ ਹੁਣ ਤਕ ਘਟੇ ਪਾਈ ਰਖਿਆ ਸੀ। ਮਿਸਟਰ ਜਿਨਾਹ ਮੁਲਕ ਨਾ ਵੰਡ ਕੇ ਆਖ਼ਰੀ ਸਟੇਜ ਤੇ ਉਮਰ ਭਰ ਲਈ ਹਿੰਦੁਸਤਾਨ ਦਾ ਪ੍ਰਧਾਨ ਰਹਿਣਾ ਮੰਨ ਗਿਆ ਸੀ। ਪਰ ਜਵਾਹਰ ਲਾਲ ਨਹਿਰੂ ਦੀ ਜ਼ਿਦ ਕਾਰਨ ਪਾਕਿਸਤਾਨ ਬਣ ਗਿਆ। ਕਿਉਂਕਿ ਜਿਨਾਹ ਦੀ ਲਿਆਕਤ ਹੇਠਾਂ ਪੰਡਤ ਨਹਿਰੂ ਬਹੁਤਾ ਸਮਾਂ ਪ੍ਰਧਾਨ ਮੰਤਰੀ ਨਹੀਂ ਸੀ ਰਹਿ ਸਕਦਾ। ਪਾਕਿਸਤਾਨ ਬਨਾਉਣ ਦਾ ਜਿੰਨਾ ਜ਼ੁੰਮੇਵਾਰ ਜਿਨਾਹ ਹੈ, ਹਿੰਦੂ ਲੀਡਰ ਕਿਸੇ ਤਰ੍ਹਾਂ ਵੀ ਉਸ ਤੋਂ ਘਟ ਨਹੀਂ। ਸਾਮਰਾਜ ਨੇ ਆਪਣਾ ਰਾਜ ਲੰਮਾ ਕਰਨ ਲਈ ਫੁਟ ਦੇ ਬੀਜ ਬੀਜਣੇ ਹੀ ਸਨ। ਪਰ ਹਿੰਦੂ ਲੀਡਰਾਂ ਅਤੇ ਹਿੰਦੂ ਪ੍ਰੈਸ ਦਾ ਮੁਸਲਮਾਨਾਂ ਨਾਲ ਘਟੀਆ ਤੇ ਦੁਰ-ਵਿਹਾਰ ਪਾਕਿਸਤਾਨ ਬਣਾਉਣ ਦਾ ਵਧੇਰੇ ਦੋਸ਼ੀ ਹੈ। ਇਹ ਦੁਰ-ਵਿਹਾਰ ਹੁਣ ਵੀ ਭਾਰਤ ਵਿਚ ਘਟ-ਗਿਣਤੀਆਂ ਨਾਲ ਜਾਰੀ ਹੈ। ਜਿਹੜੇ ਫ਼ਿਰਕੂ ਫ਼ਸਾਦ ਆਜ਼ਾਦ ਭਾਰਤ ਵਿਚ ਹੁਣ ਵੀ ਹੁੰਦੇ ਹਨ, ਉਹਨਾਂ ਦਾ ਜ਼ੁੰਮੇਵਾਰ ਕੌਣ ਹੈ ? ਦੁਨੀਆ ਦਾ ਕੋਈ ਵੀ ਹੋਸ਼ਮੰਦ ਇਹ ਨਹੀਂ ਸੋਚ ਸਕਦਾ ਕਿ ਘਟ-ਗਿਣਤੀਆਂ ਆਪਣੀ ਮੌਤ ਨੂੰ ਆਪ ਸੱਦਾ ਦੇਣਗੀਆਂ। ਆਰ.ਐਸ.ਐਸ., ਜਨਸੰਘ ਦੇ ਬੁਰਕੇ ਵਿਚ ਲੁਕੀ ਭਾਰਤੀ ਜਨਤਾ ਪਾਰਟੀ, ਹਿੰਦੂ ਰਖਸ਼ਾ ਸੰਮਤੀਆਂ ਤੇ ਆਰੀਆ ਸਮਾਜ ਆਦਿ ਨੂੰ ਛੱਡੋ, ਫ਼ਿਰਕਾ-ਪ੍ਰਸਤੀ ਦੀਆਂ ਜੜ੍ਹਾਂ ਉਤੇ ਪਲਰੀ ਕਾਂਗਰਸ ਅਜ ਦੁੱਧ-ਧੋਤੀ ਨਹੀਂ ਬਣ ਗਈ। ਅਕਾਲੀ ਦੇਸ਼-ਭਗਤੀ ਦੇ ਕਿਰਦਾਰ ਤੋਂ ਕਈ ਵਾਰ ਉਖੜ ਜਾਂਦੇ ਹਨ। ਪਰ ਦੇਸ਼ ਨੂੰ ਵੰਡਣ ਵੇਲੇ ਉਹਨਾਂ ਦਾ ਪਾਕਿਸਤਾਨ ਨੂੰ ਨਾ ਮੰਨਣਾ ਤੇ ਹਿੰਦੁਸਤਾਨ ਨਾਲ ਆਉਣਾ ਦੇਸ਼-ਭਗਤੀ ਦੀ ਜੀਉਂਦੀ ਜਾਗਦੀ ਇਤਿਹਾਸਕ ਮਿਸਾਲ ਕਾਇਮ ਰਹੇਗੀ। ਉਹਨਾਂ ਨੂੰ ਪਾਕਿਸਤਾਨ ਵਿਚ ਖ਼ੁਦਮੁਖਤਾਰ ਸਟੇਟ ਮਿਲਦੀ ਸੀ ਪਰ ਉਹ ਹਿੰਦੁਸਤਾਨ ਨਾਲ ਆਏ। ਜੇ ਇਹ ਪਾਕਿਸਤਾਨ ਨਾਲ ਜਾਂਦੇ, ਹਦ ਸ਼ਾਹਬਾਦ ਮਾਰਕੰਡਾ ਤੇ ਆਉਂਦੀ ਸੀ ਤੇ ਜੰਮੂ-ਕਸ਼ਮੀਰ ਦਾ ਰਾਜ-ਘਰਾਣਾ ਬੰਬਈ ਦੇ ਹੋਟਲਾਂ ਵਿਚ ਹੁੰਦਾ। ਰੱਬ ਹੀ ਜਾਣਦਾ ਏ, ਦਿੱਲੀ ਤੇ ਭਾਰਤ ਦਾ ਨਕਸ਼ਾ ਕਿਸ ਹਾਲ ਹੁੰਦਾ। ਪਰ ਨੈਂ ਲੰਘੀ, ਖੁਆਜਾ ਵਿਸਰਿਆ। ਰਾਜਨੀਤਕ ਜੂਏ ਵਿਚ ਸੱਚ, ਕੁਰਬਾਨੀ ਅਤੇ ਵਾਅਦੇ ਆਦਿ ਸਭ ਹਾਰ ਗਏ ਅਤੇ ਝੂਠ ਤਾੜੀ ਮਾਰ ਕੇ ਮੂੰਹ ਚਿੜਾਉਣ ਲਗਾ।

ਜੇਕਰ ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਹਿਸਾਬ ਲਾਇਆ ਜਾਵੇ ਤਾਂ ਸਾਰੇ ਹਿੰਦਸਤਾਨ ਦੀਆਂ ਸਾਂਝੀਆਂ ਕੁਰਬਾਨੀਆਂ ਸੇਰ ਮੁਕਾਬਲੇ ਪਾਈਆਂ ਵੀ ਨਹੀਂ ਬਣਦੀਆਂ। ਆਰ. ਐਸ. ਐਸ. ਦਾ ਸੰਚਾਲਕ ਅਜ ਹਿੰਦ ਸਰਕਾਰ ਨੂੰ ਤਾੜਨਾ ਕਰਦਾ ਹੈ ਕਿ ਘਟ-ਗਿਣਤੀਆਂ ਉਤੇ ਕੜੀ ਨਿਗਾਹ ਰਖੀ ਜਾਵੇ। ਚਰਨ ਸਿੰਘ, ਡੇਸਾਈ ਆਦਿ ਇਸ ਹਿੰਦੂ ਰਾਜ ਦੇ ਹਮਾਮ ਵਿਚ ਸਭ ਨੰਗੇ ਹਨ ਤੇ ਇਕੋ ਬੋਲੀ ਬੋਲ ਰਹੇ ਹਨ। ਅਕਾਲੀ ਮੋਰਚੇ ਨੇ ਇਹਨਾਂ ਸਾਰਿਆਂ ਨੂੰ ਅੰਦਰੋਂ ਬਾਹਰੋਂ ਨੰਗਿਆਂ ਕਰ ਕੇ ਘਟ-ਗਿਣਤੀਆਂ ਨੂੰ ਇਕ ਚਾਨਣ ਦਿਤਾ ਹੈ। ਇਹ ਸਿਖਾਂ ਨੂੰ ਹਿੰਦੂਆਂ ਦਾ ਇਕ ਫ਼ਿਰਕਾ ਆਖ ਰਹੇ ਹਨ। ਢੇਰ ਸਮਾਂ ਪਹਿਲਾਂ ਲਾਜਪਤ ਰਾਇ ਨੇ ਆਖਿਆ ਸੀ, ਜਦ ਦੇਸ਼ ਅਜ਼ਾਦ ਹੋਵੇਗਾ, ਹਿੰਦੂਆਂ ਵਿਚੋਂ ਨਿਕਲ


www.AKJ.Org

ਕੇ ਗਏ ਸਭ ਫ਼ਿਰਕਿਆਂ ਨੂੰ ਸੁਧ ਕਰ ਲਿਆ ਜਾਵੇਗਾ। ਏਸੇ ਗੱਲ ਤੋਂ ਚਿੜ ਕ ਕਾਂਗਰਸੀ ਮਿਸਟਰ ਜਿਨਾਹ ਮੁਸਲਿਮ ਲੀਗ ਵਿਚ ਗਿਆ ਸੀ। ਇਹ ਕੋਹੜ ਕਿਰਲੀ ਹੁਣ ਸਿਖਾਂ ਦੇ ਮੂੰਹ ਵੀ ਦਿਤੀ ਜਾ ਰਹੀ ਹੈ। ਅੱਜ ਦੇ ਜੁਗ ਵਿਚ ਕਿਸੇ ਨੂੰ ਗ਼ੁਲਾਮ ਰਖਣਾ ਬੜਾ ਮੁਸ਼ਕਲ ਹੈ। ਉਹ ਵੀ ਸਿਖਾਂ ਵਰਗੀ ਕੌਮ ਨੂੰ, ਜਿਹੜੇ ਮਰਨਾ ਤੇ ਕੁਰਬਾਨੀ ਕਰਨਾ ਜਾਣਦੇ ਹਨ। ਜਿਨ੍ਹਾ ਸਿੱਖਾਂ ਨੂੰ ਦਬਾਇਆ ਤੇ ਮਾਰਿਆ ਗਿਆ ਹੈ, ਇਹਦਾ ਪ੍ਰਤੀਕਰਮ ਇਤਿਹਾਸ ਚੋਂ ਵੇਖਿਆ ਜਾ ਸਕਦਾ ਹੈ। ਅਨੰਦਪੁਰ ਸਾਹਿਬ ਦਾ ਮਤਾ ਭਾਰਤ ਨਾਲੋਂ ਵਖ ਹੋਣਾ ਨਹੀਂ, ਨਾਲ ਰਹਿ ਕੇ ਬਰਾਬਰ ਦੀ ਆਜ਼ਾਦੀ ਦਾ ਮਾਣ ਚਾਹੁੰਦਾ ਹੈ। ਪਰ ਹਿੰਦੂ ਪ੍ਰੈਸ ਤੇ ਹਿੰਦ ਸਰਕਾਰ ਸਿਖਾਂ ਨੂੰ ਮਲੋਮਲੀ ਖਾਲਿਸਤਾਨ ਦੇ ਰਾਹ ਪਾ ਰਹੀ ਹੈ, ਜਿਵੇਂ ਮਿਸਟਰ ਜਿਨਾਹ ਨੂੰ ਪਾਕਿਤਾਨ ਦੇ ਰਾਹ ਪਾਇਆ ਸੀ।

ਸਰਦਾਰ ਗੁਰਚਰਨ ਸਿੰਘ ਟੌਹੜਾ ਆਖਦੇ ਹਨ ਕਿ ਬਾਹਰਲੇ ਸੂਬਿਆਂ ਦੀ ਲੇਬਰ ਨੂੰ ਪੰਜਾਬ ਵਿਚ ਵੋਟ ਦਾ ਹੱਕ ਨਾ ਦਿਤਾ ਜਾਵੇ, ਇਸ ਨੂੰ ਤਕਰੀਬਨ ਹਰ ਸਿਆਸੀ ਪਾਰਟੀ ਨੇ ਨਿੰਦਿਆ ਹੈ। ਪਰ ਕਿਸੇ ਇਕ ਨੇ ਵੀ ਪੰਜਾਬੀਆਂ ਦੇ ਘਟ-ਗਿਣਤੀ ਵਿਚ ਹੋ ਜਾਣ ਦੇ ਖ਼ਤਰੇ, ਪੰਜਾਬੀ ਜ਼ਬਾਨ ਤੇ ਸਭਿਆਚਾਰ ਦੇ ਖ਼ਾਤਮੇ ਤੋਂ ਬਚਾਉ ਬਾਰੇ ਕੋਈ ਸੁਝਾ ਨਹੀਂ ਦਿਤਾ। ਆਰਥਿਕ ਲੁਟ ਹਾਲੇ ਇਸ ਤੋਂ ਵਖਰੀ ਹੈ। ਪੰਜਾਬੀ ਭਰਾਓ ! ਇਸ ਨੂੰ ਆਖਦੇ ਐ ਮਿਠਾ ਮਿਠਾ ਹੜੱਪ ਤੇ ਕੋੜਾ ਕੋੜਾ ਥੂਹ। ਜਿਹੜੇ ਪੰਜਾਬੀ ਆਪਣੀ ਮਾਂ ਬੋਲੀ ਨੂੰ ਮਾਨਤਾ ਨਹੀਂ ਦੇਂਦੇ, ਉਹ ਪੰਜਾਬੀ ਨਹੀਂ। ਜਿਹੜੇ ਪੰਜਾਬ ਵਿਚ ਵਸਣ ਵਾਲੇ ਹਰਿਆਣੇ ਤੇ ਰਾਜਸਥਾਨ ਦੇ ਹਿਤਾਂ ਲਈ ਲੜ ਰਹੇ ਹਨ, ਉਹ ਪੰਜਾਬੀ ਕਿਵੇਂ ਹੋ ਸਕਦੇ ਹਨ? ਜਿਸ ਰਫ਼ਤਾਰ ਨਾਲ ਪੰਜਾਬੀ ਬਾਹਰ ਜਾ ਰਹੇ ਹਨ ਅਤੇ ਬਿਹਾਰ, ਯੂ. ਪੀ. ਤੇ ਰਾਜਸਥਾਨ ਦੀਆਂ ਧਾੜਾਂ ਚੜ੍ਹੀਆਂ ਆ ਰਹੀਆਂ ਹਨ, ਪੰਜਾਬ,ਪੰਜਾਬ ਰਹਿ ਕਿਵੇਂ ਜਾਵੇਗਾ ? ਪੰਜਾਬ ਨੂੰ ਸਿੱਕੇਬੰਦ ਪੰਜਾਬ ਰਖਣ ਦੀ ਜ਼ੁਮੇਵਾਰੀ ਆਖ਼ਰ ਕਿਸੇ ਤਾਂ ਚੁਕਣੀ ਹੀ ਹੈ। ਆਸਾਮ ਕਿਉਂ ਚੀਕ ਰਿਹਾ ਹੈ ? ਤਿੱਬਤ ਨਾਲ ਹਿੰਦ ਸਰਕਾਰ, ਹਿੰਦੂ ਲੀਡਰਾਂ ਤੇ ਪ੍ਰੈਸ ਨੂੰ ਕਿਉਂ ਹਮਦਰਦੀ ਹੈ ? ਆਸਾਮ ਨੂੰ ਆਪਣੇ ਘਰ ਵਿਚ ਘਟ-ਗਿਣਤੀ ਹੋ ਜਾਣ ਦਾ ਖ਼ਤਰਾ ਨਹੀਂ ਪੈਦਾ ਹੋ ਗਿਆ ? ਪੰਜਾਬ ਤਾਂ ਫ਼ੀ ਸਦੀ ਦੇ ਕੰਢੇ ਤੇ ਖਲੋਤਾ ਹੈ। ਪੰਜਾਬ ਆਪਣੇ ਘਰ ਲਈ ਕਿਉਂ ਨਾ ਸੋਚੇ, ਕਿਉਂ ਨਾ ਲੜੇ ? ਅਸੀਂ ਮਾਂ ਦੇ ਦੁੱਧ ਤੋਂ ਪਹਿਲਾਂ ਪੰਜਾਬੀ ਹਾਂ, ਫਿਰ ਭਾਰਤੀ। ਅਸੀਂ ਪੰਜਾਬੀਪੁਣਾ ਗਵਾ ਕੇ ਭਾਰਤੀ ਕਿਵੇਂ ਹੋ ਸਕਾਂਗੇ ?

ਸੋ ਪਹਿਲੀ ਗੱਲ, ਜ਼ਬਾਨ ਦੇ ਅਧਾਰ ਤੇ ਬਾਹਰ ਰਖੇ ਇਲਾਕੇ ਪੰਜਾਬ ਨੂੰ ਮਿਲਣੇ ਚਾਹੀਦੇ ਹਨ। ਪਾਣੀ ਅਤੇ ਬਿਜਲੀ ਉਤੇ ਪੰਜਾਬ ਦਾ ਅਧਿਕਾਰ ਕੌਮਾਂਤਰੀ ਕਾਨੂੰਨ ਅਨੁਸਾਰ ਮੰਨਿਆ ਜਾਵੇ। ਫ਼ਾਲਤੂ ਪਾਣੀ ਤੇ ਬਿਜਲੀ ਪੰਜਾਬ ਗਵਾਂਢੀ ਰਾਜਾਂ ਨੂੰ ਮੁਲ ਦੇਵੇ, ਜਿਵੇਂ ਆਪਣੀ ਉਪਜ ਵੇਚਦਾ ਹੈ। ਇਸ ਮੁਲ ਨਾਲ ਕੇਂਦਰ ਦਾ ਲੱਗਾ ਕਰਜ਼ਾ ਲਾਹਿਆ ਜਾਵੇ। ਫ਼ੈਡਰਲ ਢਾਂਚੇ ਅਨੁਸਾਰ ਅੰਦਰੂਨੀ ਆਜ਼ਾਦੀ ਹਾਸਲ ਕੀਤੀ ਜਾਵੇ। ਅੰਦਰੂਨੀ ਆਜ਼ਾਦੀ ਬਿਨਾਂ ਪੰਜਾਬ ਨਾ ਆਰਥਿਕ ਤੌਰ ਤੇ ਤਕੜਾ ਹੋ ਸਕਦਾ ਹੈ ਤੇ ਨਾ ਸਭਿਆਚਾਰਕ ਤੌਰ ਤੇ ਸਿਰ ਉਚਾ ਕਰ ਸਕਦਾ ਹੈ। ਕੇਂਦਰ ਦੀ ਈਮਾਨਦਾਰੀ ਵੇਖੋ, ਥੀਨ ਡੈਮ ਦੀ ਮਨਜ਼ੂਰੀ ਦੇਣ ਲਈ ਪੰਦਰ੍ਹਾਂ ਵਰ੍ਹੇ ਲਾ ਦੇਂਦੀ ਹੈ, ਅਣਖ ਰਖਣ ਵਾਲੇ ਪੰਜਾਬੀ-ਕਾਂਗਰਸੀ ਜਵਾਬ ਦੇਣ ਕਿ ਸੈਂਟਰ ਨੇ ਪੰਜਾਬ ਵਿਚ ਇੰਡਸਟਰੀ ਕਿਉਂ ਨਹੀਂ ਲਾਈ ? ਜਾਂ ਉਸ ਦਾ ਬਦਲ ਕੀ ਦਿਤਾ ਹੈ ? ਜਦੋਂ ਕਿ ਦੂਜੇ ਰਾਜਾਂ ਵਿਚ ਅਰਬਾਂ ਖ਼ਰਬਾਂ ਦੀ ਸਨਅਤ ਲਾ ਛੱਡੀ ਹੈ। ਪੰਜਾਬੀ ਬੋਲਦੀ ਤਹਿਸੀਲ ਖਰੜ ਦੇ ਪੰਜਾਬੀਆਂ ਨੂੰ ਉਜਾੜ ਕੇ ਚੰਡੀਗੜ੍ਹ ਵਸਾਇਆ, ਸੈਂਟਰ ਉਸ ਨੂੰ ਕਿਉਂ ਨੱਪੀ ਬੈਠਾ ਹੈ ? ਕੀ ਪੰਜਾਬੀਆਂ ਦਾ ਇਹ ਕਸੂਰ ਹੈ ਕਿ ਫ਼ਾਲਤੂ ਅਨਾਜ ਪੈਦਾ ਕਰ ਕੇ ਦੇਸ਼ ਦੀ ਅਰਬਾਂ ਰੁਪਏ ਦੀ ਫ਼ਾਰਨ ਐਕਸਚੇਂਜ ਬਚਾ ਦਿਤੀ, ਕਸ਼ਮੀਰ ਪਾਕਿਸਤਾਨ ਵਿਚ ਜਾਂਦਾ ਜਾਂਦਾ ਲੜ ਮਰ ਕੇ ਰਖ ਲਿਆ ? ਪੈਂਹਠ ਤੇ ਇਕੱਤਰ ਦੀਆਂ ਜੰਗਾਂ ਜਿੱਤ ਦਿਤੀਆਂ ? ਪੰਜਾਬ ਦੇ ਕਾਂਗਰਸੀਆਂ ਨੂੰ ਇਤਿਹਾਸ ਮੁਜਰਮ ਠਹਿਰਾਏਗਾ। ਇਹ ਪੰਜਾਬ ਦੇ ਹਿਤਾਂ ਦੀ ਰਾਖੀ ਨਹੀਂ ਕਰ ਰਹੇ, ਸਗੋਂ ਸੈਂਟਰ ਦੀ ਬੋਲੀ ਬੋਲਦੇ, ਮਾਂ ਨਾਲੋਂ ਹੀ ਹੇਜਲੀ ਵਾਲੀ ਗੱਲ ਕਰਦੇ ਹਨ।

ਅਕਾਲੀ ਭਾਈਆਂ ਨੂੰ ਮੈਂ ਆਖ਼ਰੀ ਗੱਲ ਕਹਿਣਾ ਚਾਹੁੰਦਾ ਹਾਂ। ਦੂਜੀਆਂ ਪਾਰਟੀਆਂ ਨੇ ਪੰਜਾਬ ਦੇ


www.AKJ.Org

ਹਿਤਾਂ ਦਾ ਝੰਡਾ ਤਕਰੀਬਨ ਸੁਟ ਦਿਤਾ ਹੈ। ਕੋਈ ਜਦੋ ਜਹਿਦ ਨਹੀਂ, ਇਸ ਤੋਂ ਏਹੀ ਸਿੱਟਾ ਨਿਕਲਦਾ ਹੈ, ਤੁਸਾਂ ਪੰਜਾਬ ਨੂੰ ਮਜ਼ਬੂਤ ਤੇ ਸਿਕੇਬੰਦ ਪੰਜਾਬ ਰਖਣ ਲਈ ਅੰਦਰੂਨੀ ਖ਼ੁਦਮੁਖ਼ਤਿਆਰੀ ਤੋਂ ਘਟ ਸਮਝੌਤਾ ਕੀਤਾ ਤਾਂ, ਉਹ ਠੀਕ ਨਹੀਂ ਹੋਵੇਗਾ। ਤਾਕਤ ਦੇ ਕੇਂਦਰੀਕਰਨ ਦਾ ਸਪਸ਼ਟ ਮਤਲਬ ਹੈ ਬਹੁਗਿਣਤੀ ਦਾ ਹਿੰਦੂ ਰਾਜ। ਹਿੰਦੂ ਦਾ ਚਿੱਟਾ ਮਤਲਬ ਹੈ ਘਟ-ਗਿਣਤੀਆਂ ਦਾ ਹੋਲੀ ਹੋਲੀ ਸਫ਼ਾਇਆ। ਤੁਹਾਡੀ ਜਾਇਜ਼ ਮੰਗ ਹਿੰਦ ਸਰਕਾਰ ਨਹੀਂ ਮੰਨਦੀ, ਨਾ ਮੰਨੇ। ਇਤਿਹਾਸਕ ਤੇ ਵਰਤਮਾਨ ਸੱਚ ਤੁਹਾਡੇ ਨਾਲ ਹੈ। ਜਿਤ ਸੱਚ ਤੇ ਕੁਰਬਾਨੀ ਦੀ ਅਵੱਸ਼ ਹੋਵੇਗੀ। ਉਸ ਸੂਰਤ ਵਿਚ ਫ਼ੌਰੀ ਦੋ ਕੰਮ ਕੀਤੇ ਜਾਣ। ਪਹਿਲਾਂ ਹਿੰਦ ਦੀਆਂ ਸਾਰੀਆਂ ਘਟ-ਗਿਣਤੀਆਂ ਦੀ ਮਜ਼ਬੂਤ ਜਥੇਬੰਦੀ ਸਥਾਪਤ ਕਰ ਲਈ ਜਾਵੇ, ਦੂਜੀ ਵਧ ਅਧਿਕਾਰ ਚਾਹੁਣ ਵਾਲੇ ਸੂਬਿਆਂ ਨੂੰ ਇਕ ਪਲੇਟ ਫ਼ਾਰਮ ਤੇ ਇਕੱਠਾ ਕਰ ਲਿਆ ਜਾਵੇ। ਜਿਹੜੇ ਰਾਜ ਕੇਂਦਰੀ ਬਜਟ ਦਾ ਅਰਬਾਂ ਰੁਪਇਆ ਵਢ ਜਾਂਦੇ ਹਨ, ਉਹਨਾਂ ਕੋਲ ਵਧ ਅਧਿਕਾਰ ਹਨ। ਲੋੜ ਘਟ-ਗਿਣਤੀਆਂ ਨੂੰ ਹੈ ਜਾਂ ਜਿਹਨਾਂ ਦੇ ਸੈਂਟਰ ਵਿਚ ਪੈਰ ਨਹੀਂ ਲਗਦੇ। ਸੈਂਟਰ ਇਸ ਮਸਲੇ ਤੇ ਰਾਜਾਂ ਨੂੰ ਪਾੜੇਗਾ, ਜਿਵੇਂ ਹਰਿਆਣੇ ਨੂੰ ਚੁਕ ਦੇ ਰਖੀ ਹੈ, ਪਰ ਘਟ-ਗਿਣਤੀਆਂ ਦੀ ਦੇਸ਼ ਪਧਰ ਤੇ ਜਥੇਬੰਦੀ ਅਤੇ ਵਧ ਅਧਿਕਾਰ ਚਾਹੁਣ ਵਾਲੇ ਸੂਬਿਆਂ ਦੀ ਏਕਤਾ, ਸੈਂਟਰ ਨੂੰ ਫੈਡਰਲ ਢਾਂਚਾ ਬਣਾਉਣ ਤੇ ਮਜਬੂਰ ਕਰ ਦੇਵੇਗੀ, ਅਜ ਕਰੇ ਚਾਹੇ ਕਲ੍ਹ ਕਰੇ।

ਅਕਾਲੀ ਦਲ ਨਾਲ ਕਿਸੇ ਪੱਖ ਤੇ ਮਤਭੇਦ ਹੋਣ ਦੇ ਬਾਵਜੂਦ ਮੈਂ ਉਨ੍ਹਾਂ ਨੂੰ ਅੱਜ ਦੇ ਇਤਿਹਾਸ ਦੇ ਸੂਰਮੇ ਆਖਦਾ ਹਾਂ। ਜਿਹੜੀ ਲੜਾਈ ਉਹ ਲੜ ਰਹੇ ਹਨ, ਉਹ ਖਬੀਆਂ ਪਾਰਟੀਆਂ ਨੂੰ ਲੜਨੀ ਚਾਹੀਦੀ ਸੀ, ਪਰ ਉਹ ਹੱਥ ਤੇ ਹੱਥ ਧਰੀ ਤਮਾਸ਼ਾ ਵੇਖ ਰਹੀਆਂ ਹਨ, ਅਜ ਵਰਗੀ ਮਜ਼ਬੂਤੀ ਤੇ ਪੰਜਾਬ ਦੇ ਲੋਕਾਂ ਦੀ ਮਿਲ-ਵਰਤਣ ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆਂ ਤੋਂ ਉਰੇ ਤੁਹਾਨੂੰ ਕਦੇ ਨਹੀਂ ਮਿਲੀ। ਪਰ ਫਿਰ ਯਾਦ ਰਹੇ, ਨਿਰਾ ਧਾਰਮਕ ਸਮਝੌਤਾ ਪੰਜਾਬ ਨੂੰ ਕਦੇ ਪ੍ਰਵਾਨ ਨਹੀਂ ਹੋਵੇਗਾ। ਰੋਜ਼ਾਨਾ 'ਅਜੀਤ' 9-1-83

# ਕੀਰਤਨੀ-ਉਤਸ਼ਾਹਤ ਪ੍ਰੋਗਰਾਮ

ਆਸਾ ਜੀ ਦੀ ਵਾਰ ਦਾ ਅੰਮ੍ਰਿਤ ਵੇਲੇ ਦਾ ਕੀਰਤਨ ਸਮੂਹ ਗੁਰ-ਅਸਥਾਨਾਂ, ਸ਼੍ਰੋਮਣੀ ਗੁਰਦਵਾਰਿਆਂ ਅਤੇ ਧਰਮਸਾਲਾਂ ਵਿਖੇ ਪੁਰਾਤਨ ਸਮੇਂ ਤੋਂ ਹੁੰਦਾ ਚਲਿਆ ਆ ਰਿਹਾ ਹੈ। ਸਮੂਹ ਪੰਥ ਅੰਦਰ, ਦੇਸ਼ਾਂ ਪਰਦੇਸਾਂ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਪ੍ਰਸਿਧ ਹੈ। ਅਨੇਕਾਂ ਹੀ ਗੁਰਮੁਖ ਜਨਾਂ ਨੇ ਆਸਾ ਜੀ ਦੀ ਵਾਰ ਦਾ ਪਾਠ ਆਪਣੇ ਨਿਤਨੇਮ ਵਿਚ ਸ਼ਾਮਲ ਕਰ ਰਖਿਆ ਹੈ। ਭਾਵੇਂ ਇਸ ਵਾਰ ਦਾ ਨਾਮ ਆਸਾ ਰਾਗ ਕਰਕੇ ਪ੍ਰਸਿੱਧ ਹੈ, ਪਰ ਪੁਰਾਤਨ ਸਮੇਂ ਤੋਂ ਹੀ ਗੁਰਸਿੱਖ ਇਸ ਨੂੰ ਆਸਾ-ਪੂਰਨ-ਕਰਨ ਵਾਲੀ ਕਰਕੇ ਸਨਮਾਨਦੇ ਹਨ।

ਇਸ ਲਈ ਅਖੰਡ ਕੀਰਤਨੀ ਜਥੇ ਵਲੋਂ ਅੰਮ੍ਰਿਤਧਾਰੀ ਬੱਚਿਆਂ ਵਿਚ ਆਸਾ ਜੀ ਦੀ ਵਾਰ ਪ੍ਰਤੀ ਹੋਰ ਉਤਸ਼ਾਹ ਪੈਦਾ ਕਰਨ ਲਈ "ਕੀਰਤਨ ਉਤਸ਼ਾਹਤ ਪ੍ਰੋਗਰਾਮ" ਉਲੀਕਿਆ ਗਿਆ ਹੈ। ਇਸ ਪ੍ਰੋਗਰਾਮ ਅਧੀਨ ਹਰ ਸਾਲ ਉਨ੍ਹਾਂ ਬੱਚਿਆਂ ਨੂੰ ਸਨਮਾਨਤ ਕੀਤਾ ਜਾਇਆ ਕਰੇਗਾ ਜਿਹੜੇ ਆਸਾ ਜੀ ਦੀ ਵਾਰ ਦਾ ਛੱਕਿਆਂ ਸਮੇਤ ਜ਼ਬਾਨੀ ਕੀਰਤਨ ਕਰਨ ਦੀ ਯੋਗਤਾ ਰੱਖਦੇ ਹੋਣਗੇ। ਅਜਿਹਿਆਂ ਬੱਚਿਆਂ ਨੂੰ ਸਾਲਾਨਾ ਕੀਰਤਨ ਸਮਾਗਮਾਂ ਵਿਚ ਕੀਰਤਨ ਕਰਨ ਲਈ ਵਿਸ਼ੇਸ਼ ਸਮਾ ਦਿੱਤਾ ਜਾਇਆ ਕਰੇਗਾ।

ਜਿਹੜੇ ਬੱਚੇ ਅਤੇ ਬੱਚੀਆਂ ਰਹਿਤ ਬਹਿਤ ਵਿਚ ਪੂਰੇ ਹਨ ਅਤੇ ੨੫ ਸਾਲ ਦੀ ਉਮਰੋਂ ਥੱਲੇ ਹਨ, ਉਹ ਆਪਣੇ ਨਾਮ, ਪੂਰਾ ਪਤਾ, ਜਨਮ ਦੀ ਤਰੀਕ ਲਿਖ ਕੇ 'ਸੂਰਾ' ਮੈਨੇਜਰ ਨੂੰ ੩੧-੩-੧੯੮੩ ਤਕ ਭੇਜਣ ਦੀ ਕਿਰਪਾ ਕਰਨ। ਵੈਸਾਖੀ ਦੇ ਸਮਾਗਮ ਤੇ ਸ੍ਰੀ ਅਖੰਡਪਾਠ ਸਾਹਿਬ ਅਰੰਭ ਕਰਨ ਪਿਛੋਂ ਅਜਿਹੇ ਬੱਚਿਆਂ ਦਾ ਟੈਸਟ ਲਿਆ ਜਾਏਗਾ। ਰੈਣ ਸਬਾਈ ਕੀਰਤਨ ਵਿਚ ਰਾਤ ਦੇ ੧੦ ਵਜੇ ਇਨ੍ਹਾਂ ਬੱਚਿਆਂ ਨੂੰ ਸਨਮਾਨਤ ਕੀਤਾ ਜਾਏਗਾ। ਉਮਰ ਵਿਚ ਸਭ ਤੋਂ ਛੋਟੇ ਬੱਚੇ ਬੱਚਿਆਂ ਨੂੰ ੫੦੦, ੨੫੦, ਤੇ ੧੨੫ ਰੁਪਏ ਦੇ ਪਹਿਲਾ, ਦੂਜਾ ਤੇ ਤੀਜਾ ਕ੍ਰਮਵਾਰ ਇਨਾਮ ਦਿਤੇ ਜਾਣਗੇ। ਪਾਸ ਹੋਣ ਵਾਲਿਆਂ ਬਾਕੀ ਸਭ ਬੱਚਿਆਂ ਨੂੰ ਵੀ ਯੋਗ ਇਨਾਮ ਦਿਤੇ ਜਾਣਗੇ। ਦਾਸਰਾ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

www.AKJ.Org

# ਦਿੱਲੀ ਤੇ ਅੰਮ੍ਰਿਤਸਰ ਦੀ ਲੜਾਈ

[ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ]

ਦਿੱਲੀ ਤੇ ਅੰਮ੍ਰਿਤਸਰ ਦੀ ਟੱਕਰ ਇਕ ਲੰਮਾ ਇਤਿਹਾਸ ਰਖਦੀ ਹੈ। ਦਿੱਲੀ ਰਾਜ-ਨਗਰ ਹੋਣ ਕਰਕੇ ਰਾਜ-ਮਦ ਦਾ ਸ਼ਿਕਾਰ ਹੈ ਤੇ ਅੰਮ੍ਰਿਤਸਰ ਧਰਮ ਦੀ ਨਗਰੀ ਹੋਣ ਕਾਰਨ ਪਹਿਲਾਂ ਤੋਂ ਹੀ ਨਿੰਮਰਤਾ ਤੇ ਸ਼ਾਂਤੀ ਦੀ ਅਲਮ ਬਰਦਾਰ ਰਹੀ ਹੈ। ਔਰੰਗਜ਼ੇਬ ਦਾ ਫੁਰਮਾਨ ਕਿ ਗੁਰੂ ਤੇਗ ਬਹਾਦਰ ਜੀ ਵਰਗੇ ਵੈਰਾਗ-ਮੂਰਤਿ ਮਹਾਂ ਪੁਰਸ਼ ਨੂੰ ਟੋਟੇ ਟੋਟੇ ਕਰ ਦਿਤਾ ਜਾਵੇ–ਦਿਹਲਵੀ ਜਬਰ ਦਾ ਸਾਮਰਤਖ ਨਮੂਨਾ ਸੀ। ਮੁਨਸ਼ੀ ਸੁਜਾਨ ਰਾਇ ਨੇ ਲਿਖਿਆ ਹੈ :–

ਹਸਬੁਲ ਹੁਕਮ ਆਲਮਗੀਰ ਬਾਦਸ਼ਾਹ ਦਰ ਸ਼ਾਹਜਹਾਨਾ ਬਾਦ ਕੁਸ਼ਤਾ ਸ਼ੁਦ।

(ਖੁਲਾਸਾਤੁਤਾਰੀਖ਼)

ਭਾਵ, ਔਰੰਗੇ ਦੇ ਹੁਕਮ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ।

ਜਦ ਔਰੰਗੇ ਦਾ ਪੁਤਰ ਬਹਾਦਰ ਸ਼ਾਹ ਗੱਦੀ ਤੇ ਬੈਠਾ ਤਾਂ ਉਸ ਨੇ ੧੦ ਦਸੰਬਰ ੧੭੧੦ ਈ: ਨੂੰ ਇਕ ਸ਼ਾਹੀ ਫੁਰਮਾਨ ਜਾਰੀ ਕੀਤਾ ਕਿ ਜਿਥੇ ਵੀ ਕੋਈ ਕਿਤੇ ਗੁਰੂ ਨਾਨਕ-ਨਾਮ-ਲੇਵਾ ਮਿਲੇ, ਉਸ ਨੂੰ ਥਾਂ ਕਤਲ ਕਰ ਦਿਤਾ ਜਾਵੇ–

ਨਾਨਕ ਪ੍ਰਸਤਾਂ ਰਾ ਹਰ ਜਾ ਕਿ ਬਾਯਬੰਦ ਬਕਤਲ ਰਸਾਨੰਦ।

(ਅਖ਼ਬਾਰਿ ਦਰਬਾਰਿ ਮੁਅੱਲਾ)

ਇਸੇ ਜ਼ਾਲਮ ਵਤੀਰੇ ਦਾ ਨਤੀਜਾ ਸੀ ਕਿ ਫਰੁਖਸੀਅਰ ਨੇ ਬੰਦਾ ਬਹਾਦਰ ਤੇ ਉਸ ਦੇ ੬੯੪ ਸਿੱਖ-ਸਾਥੀਆਂ ਨੂੰ ਕਤਾਰਾਂ ਬੰਨ੍ਹ ਬੰਨ੍ਹ ਕੇ ਦਿਲੀ ਕਤਲ ਕੀਤਾ। ਇਸ ਤੋਂ ਬਾਅਦ ਫ਼ਰਖ਼ਸੀਅਰ ਨੇ ਇਕ ਹੋਰ ਉਚੇਚਾ ਸ਼ਾਹੀ ਫ਼ੁਰਮਾਨ ਜਾਰੀ ਕੀਤਾ ਕਿ ਇਸ ਫ਼ਿਰਕੇ ਦੇ ਲੋਕ ਜਿਥੇ ਕਿਤੇ ਵੀ ਦਿਸਣ, ਬਿਨਾਂ ਕਿਸੇ ਪੁਛ ਪੜਤਾਲ ਦੇ ਮਾਰ ਦਿਤੇ ਜਾਣ–

ਬਾਅਦ ਕਤਲਿ ਊ ਹੁਕਮ ਸ਼ੁਦ ਕਿ ਹਰ ਜਾ ਈਂ ਫ਼ਿਰਕਾ ਰਾ ਯਾਬੰਦ, ਬੇਤਅੱਮਲ ਬਿਕੁਸ਼ੰਦ।

(ਮਿਫ਼ਤਾਉ ਤ੍ਵਾਰੀਖ਼, ਪੰਨਾ ੩੯੮)

ਇਸ ਤੋਂ ਪਿਛੋਂ ਅਜਿਹੇ ਫੁਰਮਾਨ ਲਾਹੌਰ ਦਰਬਾਰ ਤੋਂ ਆਮ ਨਿਕਲਦੇ ਰਹੇ ਤੇ ਚਾਲੀ ਵਰ੍ਹੇ ਸਰਕਾਰੀ ਹੁਕਮਾਂ ਮੁਤਾਬਿਕ ਸਿੱਖਾਂ ਦੀ ਕਤਲਾਮ ਜਾਰੀ ਰਹੀ। ਕੇਸ-ਧਾਰੀ ਸਿਰਾਂ ਦੇ ਇਨਾਮ ਰਖ ਕੇ ਢੇਰ ਲਗਦੇ ਗਏ ਅਤੇ ਸ਼ਹੀਦ-ਗੰਜ ਬਣਦੇ ਗਏ।

ਪਹਿਲੇ ਸੂਬੇਦਾਰ ਅਬਦੁਲ ਸਮੱਦ ਖ਼ਾਂ, ਫਿਰ ਉਸ ਦੇ ਪੁੱਤਰ ਜਕਰੀਆ ਖ਼ਾਂ ਤੇ ਯਹੀਆ ਖ਼ਾਂ ਤੇ ਦੀਵਾਨ ਜਸਪਤ-ਰਾਇ ਨਿਰਦੋਸ਼ ਸਿੰਘਾਂ ਦੇ ਲਹੂ ਨਾਲ ਹੱਥ ਰੰਗਦੇ ਰਹੇ। ਮੀਰ ਮੰਨੂੰ ਨੇ ਵੀ ਘਟ ਨਹੀਂ ਗੁਜ਼ਾਰੀ। ਇਹ ਸਭ ਲੋਕ ਸਭ ਕੁਝ ਦਿਲੀ ਨੂੰ ਖ਼ੁਸ਼ ਕਰਨ ਲਈ ਕਰਦੇ ਸਨ। ਜੇ ਹੁਣ ਦੇ ਸੂਬੇਦਾਰ ਵੀ ਉਹੋ ਕੁਝ ਕਰਦੇ ਹਨ ਤਾਂ ਇਸ ਤੇ ਕਿਸੇ ਨੂੰ ਅਚੰਭਾ ਨਹੀਂ ਹੋਣਾ ਚਾਹੀਦਾ।

(੨)

ਜਦ ਸਿੰਘ ਸ਼ਹੀਦੀਆਂ ਪਾ ਪਾ ਕੇ ਤੇ ਫਿਰ ਤੇਗ ਦੇ ਜ਼ੋਰ ਨਾਲ ਜਰਵਾਣਿਆਂ ਨੂੰ ਭੁੰਞੇ ਲਾਹੁਣ ਵਿਚ ਕਾਮਯਾਬ ਹੋ ਗਏ ਤਾਂ ਉਨ੍ਹਾਂ ਮੁਲਕ ਦੀ ਜਾਨ ਮਾਲ ਤੇ ਪੱਤ ਅਬਰੋ ਤੇ ਧਰਮ ਦੀ ਰਾਖੀ ਲਈ ਹਰ ਉਪਾਅ ਕੀਤਾ। ੧੭੬੩ ਦੀ ਵਿਸਾਖੀ ਨੂੰ ਖ਼ਾਲਸਾ ਅੰਮ੍ਰਿਤਸਰ ਇਕੱਤਰ ਹੋਇਆ ਤਾਂ ਕਸੂਰ ਤੋਂ ਇਕ ਬ੍ਰਾਹਮਣ ਨੇ ਆ ਕੇ ਪੁਕਾਰ ਕੀਤੀ ਕਿ ਨਵਾਬ ਉਸਮਾਨ ਖ਼ਾਂ ਨੇ ਜ਼ਬਰਦਸਤੀ ਮੇਰੀ ਬ੍ਰਾਹਮਣੀ ਆਪਣੀ ਮਹਲੀਂ ਪਾ ਲਈ ਹੈ,



www.AKJ.Org

ਖਾਲਸਾ ਰਖਿਆ ਕਰੇ। ਕਸੂਰ ਦੇ ਨਵਾਬ ਮਜ਼ਬੂਤ ਜੰਗੀ ਕਿਲ੍ਹਿਆਂ ਕਾਰਨ ਆਪਣੇ ਆਪ ਨੂੰ ਅਜਿਤ ਸਮਝਦੇ ਸਨ, ਪਰ ਸਿੱਖਾਂ ਦੇ ਸਾਹਮਣੇ ਗਰੀਬ ਬ੍ਰਾਹਮਣ ਦੀ ਪੁਕਾਰ ਸੀ। ਉਹ ਕਸੂਰ ਉਤੇ ਬਾਜ਼ਾਂ ਵਾਂਗ ਝਪਟ ਕੇ ਪਏ ਤੇ ਬ੍ਰਾਹਮਣੀ ਨੂੰ ਜਾਬਰ ਦੇ ਪੰਜੇ ਤੋਂ ਛੁਡਾ ਕੇ ਲਿਆਏ। ਇਸੇ ਤਰ੍ਹਾਂ ਜਲਾਲਾਬਾਦ ਲੁਹਾਰੀ ਦੇ ਨਵਾਬ ਨੇ ਕਈ ਬ੍ਰਾਹਮਣਾਂ ਦੀਆਂ ਤੇ ਹਿੰਦੂਆਂ ਦੀਆਂ ਬਹੂ-ਬੇਟੀਆਂ ਨੂੰ ਬੇਪੱਤ ਕੀਤਾ। ਜਦ ਦਲ ਖ਼ਾਲਸਾ ਦੇ ਸਿੰਘਾਂ ਨੂੰ ਪਤਾ ਲਗਾ ਤਾਂ ਉਹ ਇਨ੍ਹਾਂ ਲੜਕੀਆਂ ਨੂੰ ਛੁਡਾ ਕੇ ਲਿਆਏ ਤੇ ਸਭ ਨੂੰ ਆਪਣੇ ਵਲੋਂ ਦਾਜ-ਦਾਨ ਦੇ ਕੇ ਘਰੋਂ ਘਰੀਂ ਭੇਜਿਆ ਤੇ ਆਖਿਆ ਕਿ ਇਹ ਪੰਥ ਦੀਆਂ ਬੇਟੀਆਂ ਹਨ।

ਅਹਿਮਦ ਸ਼ਾਹ ਅਬਦਾਲੀ ਮਥਰਾ ਤੋਂ ਵੀਹ ਹਜ਼ਾਰ ਹਿੰਦੂ ਲੜਕੇ-ਲੜਕੀਆਂ ਗ਼ੁਲਾਮ ਬਣਾ ਕੇ ਕ਼ਾਬਲ ਵਲ ਲਈ ਜਾ ਰਿਹਾ ਸੀ, ਸਿੰਘਾਂ ਨੇ ਹਿੰਮਤ ਕਰ ਕੇ ਝਨਾਂ ਲਾਗੇ ਐਸਾ ਘੇਰਾ ਪਾ ਲਿਆ ਕਿ ਸਭ ਨੂੰ ਛੁਡਾ ਲਿਆ। ਇਵੇਂ ਹੀ ਇਕ ਵੇਰ ਰਾਜਾ ਅਮਰ ਸਿੰਘ ਵਾਲੀਏ ਪਟਿਆਲਾ ਨੇ ਬਿਆਸ ਦਰਿਆ ਲਾਗੇ ੨੨੦੦ ਹਿੰਦੂ ਲੜਕੇ-ਲੜਕੀਆਂ ਨੂੰ ਛੁਡਾਇਆ ਤੇ ਬੰਦੀ-ਛੋੜ ਦਾ ਰੁਤਬਾ ਪਾਇਆ। ਇਉਂ ਹਿੰਦਵੈਣ ਦੀ ਰਾਖੀ ਸਿੰਘਾਂ ਦਾ ਦਿਨ ਰੈਣ ਦਾ ਕਰਤੱਵ ਸੀ, ਕਿਉਂਕਿ ਰਾਜਪੂਤਾਂ ਤੇ ਮਰਾਠਿਆਂ ਦੀ ਤਲਵਾਰ ਨੂੰ ਤਾਂ ਜ਼ੰਗ ਲਗ ਚੁਕਾ ਸੀ। ਜਦ ਵੀ ਕਿਸੇ ਹਿੰਦੂ ਦੀ ਜ਼ਨਾਨੀ ਮੁਗਲਾਂ ਪਠਾਣਾਂ ਦੁਆਰਾ ਉਧਾਲੀ ਜਾਂਦੀ ਤਾਂ ਉਹ ਉਚੀ ਉਚੀ ਕੂਕ ਪੁਕਾਰ ਕੇ ਕਹਿੰਦੀ :–

'ਮੋੜੀਂ ਬਾਬਾ ਕੱਛ ਵਾਲਿਆ, ਛਈ ਰੰਨ ਗਈ, ਬਸਰੇ ਨੂੰ ਗਈ।'

ਅਜ ਕੱਛਾਂ ਤੇ ਪੱਗ ਦਾੜ੍ਹੀ ਵਾਲਿਆਂ ਦੀ ਗੱਲ ਮਹਿਫਲਾਂ ਦਾ ਮਜ਼ਾਕ ਬਣੀ ਹੋਈ ਹੈ। ਦਿੱਲੀ ਸਿਖਾਂ ਬਾਰੇ ਹੁਣ ਕੀ ਕੀ ਕੁਝ ਕਰ ਰਹੀ ਹੈ, ਖਾਸ ਤੌਰ ਤੇ ਬ੍ਰਾਹਮਣ ਤੇ ਬ੍ਰਾਹਮਣੀ ਨੇਤਾ। ਇਨ੍ਹਾਂ ਲਈ ਜਾਨਾਂ ਵਾਰਨ ਵਾਲੇ ਭੋਲੇ ਭਾਲੇ ਸਿਖਾਂ ਬਾਰੇ ਕਿਸ ਕਿਸਮ ਦੀਆਂ ਸਾਜ਼ਸ਼ਾਂ ਰਚ ਰਹੇ ਹਨ, ਇਕ ਦੁਮਦਾਈ ਬਿਰਤਾਂਤ ਹੈ, ਇਸ ਦੀ ਚਰਚਾ ਕਰਨਾ ਬੇਲੋੜਾ ਹੈ। ਸ਼ਾਇਰ ਦੀ ਜ਼ਬਾਨ ਵਿਚ ਅਸਲੀਅਤ ਇਹ ਹੈ :–

ਜਿਨ੍ਹੋਂ ਕੋ ਹਾਰ ਸਮਝਾ ਥਾ, ਗਲਾ ਅਪਨਾ ਸਜਾਨੇ ਕੋ।
ਵੁਹ ਕਾਲੇ ਨਾਗ ਬਨ ਬੈਠੇ, ਮੇਰੇ ਹੀ ਕਾਟ ਖਾਨੇ ਕੋ।

ਅਜ ਦਾ ਪੰਜਾਬ ਨਿਆਂ ਤੇ ਹੱਕ ਸੱਚ ਲਈ ਲੜ ਰਿਹਾ ਹੈ ਤੇ ਇਸ ਲੜਾਈ ਦੇ ਜੋਧੇ ਉਹੋ ਸਿੰਘ ਸੂਰਮੇ ਹਨ ਜੋ ਜਮਨਾ ਤੋਂ ਜਮਰੋਦ ਤਕ ਕਲ੍ਹ ਰਾਜ ਕਰਦੇ ਰਹੇ ਹਨ। ਉਹ ਚਾਹੁੰਦੇ ਹਨ :–

(੩)

(੧) ਇਹ ਸੂਬਾ ਪੰਜਾਬੀ ਜ਼ਬਾਨ ਦੇ ਅਧਾਰ ਤੇ ਬਣਾਇਆ ਗਿਆ ਸੀ ਜੋ ਪੰਜਾਬੀ ਬੋਲਦੇ-ਇਲਾਕੇ ਕਿਸੇ ਸਾਜ਼ਸ਼ ਕਾਰਨ ਇਧਰ ਉਧਰ ਰਹਿ ਗਏ ਹਨ, ਉਹਨਾਂ ਨੂੰ ਨਾਲ ਮਿਲਾਇਆ ਜਾਵੇ।

(੨) ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ, ਜੋ ਪੰਜਾਬੀ ਪਿੰਡ ਉਜਾੜ ਕੇ ਉਸਾਰੀ ਗਈ ਸੀ, ਇਹ ਸਾਨੂੰ ਬਿਨਾਂ ਕਿਸੇ ਸੌਦੇਬਾਜ਼ੀ ਦੇ ਵਾਪਸ ਦਿਤੀ ਜਾਵੇ।

(੩) ਸਤਲੁਜ ਬਿਆਸ ਰਾਵੀ ਸਾਡੇ ਦਰਿਆ ਹਨ। ਇਨ੍ਹਾਂ ਨੂੰ ਕੌਮੀ ਜਾਇਦਾਦ ਦਸ ਕੇ ਲੁਟ-ਖਸੁਟ ਨਾ ਕੀਤੀ ਜਾਵੇ, ਸਗੋਂ ਪੰਜਾਬ ਦੀਆਂ ਲੋੜਾਂ ਨੂੰ ਤਰਜੀਹ ਦਿਤੀ ਜਾਵੇ।

(੪) ਭਾਖੜਾ ਡੈਮ ਤੇ ਹੋਰ ਹੈੱਡ ਵਰਕਸ ਪੰਜਾਬੀਆਂ ਦੇ ਲਹੂ ਪਸੀਨੇ ਨਾਲ ਉਸਰੇ ਹਨ। ਇਨ੍ਹਾਂ ਦਾ ਪ੍ਰਬੰਧ ਸਿਧਾ ਪੰਜਾਬ ਦੇ ਹਵਾਲੇ ਹੋਵੇ।

(੫) ਪੰਜਾਬ ਭਾਰਤ ਦਾ ਅੰਨ-ਭੰਡਾਰ ਹੈ, ਇਸਦੀ ਉਪਜ ਦੀ ਵਾਜਬ ਕੀਮਤ ਪਾਈ-ਜਾਵੇ, ਤਾਂ ਕਿ ਕਿਰਤੀ ਕਿਸਾਨਾਂ ਨੂੰ ਵਪਾਰੀਆਂ ਦੀ ਲੁਟ ਖਸੁੱਟ ਦਾ ਸ਼ਿਕਾਰ ਨਾ ਹੋਣਾ ਪਵੇ।



www.AKJ.Org

(੬) ਪੰਜਾਬ ਵਿਚ ਸਭ ਤੋਂ ਘਟ ਦਸਤਕਾਰੀ ਲਗੀ ਹੈ। ਦਿਲੀ ਸਰਕਾਰ ਇਸ ਵਿਚ ਰੋੜੇ ਨਾ ਅਟਕਾਵੇ, ਸਗੋਂ ਬਾਕੀ ਸਟੇਟਾਂ ਵਾਂਗ ਵਧ ਤੋਂ ਵਧ ਮੌਕੇ ਬਣਾਵੇ।

(੭) ਪੰਜਾਬ ਦੀ ਕਲਚਰ ਨਿਰਾਲੀ ਤੇ ਵਿਲੱਖਣ ਹੈ, ਇਸ ਦੀ ਸੁਰੱਖਿਆ ਦੀ ਗਰੰਟੀ ਦਿਤੀ ਜਾਵੇ ਅਤੇ ਇਸ ਨੂੰ ਕੌਮ-ਪ੍ਰਸਤੀ ਦੇ ਨਾਂ ਤੇ ਨਿਘਾਰਨ ਦਾ ਕੋਝਾ ਜ਼ਤਨ ਨਾ ਕੀਤਾ ਜਾਵੇ।

ਅਜ ਇਹ ਮਾਮਲਾ ਲੋਕ-ਕਚਹਿਰੀ ਵਿਚ ਪੇਸ਼ ਹੈ। ਕਿਸੇ ਲੋਕ-ਰਾਜੀ ਸਰਕਾਰ ਲਈ ਲੋਕਾਂ ਦੀਆਂ ਉਮੰਗਾਂ ਦਾ ਖ਼ਿਆਲ ਰਖਣਾ ਜ਼ਰੂਰੀ ਹੈ, ਇਸ ਲਈ ਮੁਗਲਾਂ ਵਾਲੀ ਤਾਨਾਸ਼ਾਹੀ ਤਿਆਗ ਕੇ ਹੀ ਗੁਜ਼ਾਰਾ ਹੋ ਸਕਦਾ ਹੈ। ਕੀ ਦਿਲੀ ਸਰਕਾਰ ਆਪਣਾ ਰਵੱਈਆ ਬਦਲੇਗੀ, ਜਾਂ ਮੁਗਲ ਸਾਮਰਾਜ ਦੇ ਮਾਰੂ ਕੀਟਾਣੂ ਉਸ ਦੇ ਦਿਮਾਗ ਤੇ ਹਾਵੀ ਰਹਿਣਗੇ ? ਇਹ ਸਮਾਂ ਦਸੇਗਾ।

(੪)

ਦਿਲੀ ਦਰਬਾਰ ਦੇ ਕਈ ਵਫਾਦਾਰ ਇਨ੍ਹਾਂ ਮੰਗਾਂ ਨੂੰ ਫ਼ਿਰਕੂ ਮੰਗਾਂ ਜਾਂ ਕੇਵਲ ਅਕਾਲੀ ਮੰਗਾਂ ਕਹਿ ਕੇ ਭੰਡਦੇ ਹਨ। ਪੰਜਾਬ ਦੀ ਕੌਮ-ਪ੍ਰਸਤ ਵਜ਼ਾਰਤ ਨੂੰ ਚਾਹੀਦਾ ਹੈ ਕਿ ਉਹ ਇਕ ਇਕ ਮੰਗ ਦਾ ਖੁਲ੍ਹੇ ਤੌਰ ਤੇ ਵਿਰੋਧ ਕਰੇ। ਜਾਂ ਫਿਰ ਸੈਂਟਰਲ ਸਰਕਾਰ ਦੀ ਪਰਵਾਹ ਨਾ ਕਰਕੇ ਇਨ੍ਹਾਂ ਦੀ ਐਲਾਨੀਆ ਪੁਸ਼ਟੀ ਕਰੇ। ਵਧੀਆ ਤਰੀਕਾ ਤਾਂ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਹੁਣ ਵਕਤ ਆ ਗਿਆ ਹੈ ਕਿ ਮੌਜੂਦਾ ਮੰਤਰੀ-ਮੰਡਲ ਰੋਸ ਵਜੋਂ ਅਸਤੀਫ਼ੇ ਦੇ ਕੇ ਪਾਸੇ ਹੋ ਜਾਵੇ ਤੇ ਅਗੇ ਦਿਲੀ ਜਾਣੇ ਜਾਂ ਅੰਮ੍ਰਿਤਸਰ ਜਾਣੇ।

(੫)

ਕੁਝ ਬਹੁਤ ਸਿਆਣੇ ਇਹ ਰਾਇ ਦੇ ਰਹੇ ਹਨ ਕਿ ਸਿਖਾਂ ਨੂੰ ਮੇਨ ਸਟਰੀਮ ਅਰਥਾਤ ਹਿੰਦੂ ਰਾਸ਼ਟਰ ਦੀ ਧਾਰਾ ਨ਼ਾਲ ਚਲਣਾ ਚਾਹੀਦਾ ਹੈ, ਫਿਰ ਕੋਈ ਮਸਲਾ ਨਹੀਂ ਰਹੇਗਾ। ਪਰ ਇਹ ਇਕ ਔਖਾ ਕੰਮ ਹੈ, ਕਿਉਂਕਿ ਪੰਜਾਬੀ ਜ਼ਬਾਨ ਤੇ ਸਭਿਆਚਾਰ ਦੀ ਸਾਂਝ ਦੇ ਬਾਵਜੂਦ ਸਾਡੇ ਕੁਝ ਬੁਨਿਆਦੀ ਸਿਧਾਂਤਕ ਭੇਦ ਹਨ—

੧. ਅਸੀਂ ਇਕ ਅਕਾਲ ਦੇ ਪੁਜਾਰੀ ਹਾਂ, ਤੇਤੀ ਕਰੋੜ ਦੇਵੀ ਦੇਵਤਿਆਂ ਨੂੰ ਨਹੀਂ ਧਿਆ ਸਕਦੇ।
੨, ਅਸੀਂ ਰਾਜੇ ਰਾਣੀਆਂ ਨੂੰ ਰੂਹਾਨੀ ਪੁਰਖ ਨਹੀਂ ਮੰਨ ਸਕਦੇ।
੩. ਅਸੀਂ ਮੂਰਤੀ-ਪੂਜਾ ਯਾ ਬੁੱਤ-ਪ੍ਰਸਤੀ ਨਹੀਂ ਕਰ ਸਕਦੇ।
੪. ਅਸੀਂ ਚੂੰਕਿ ਜਾਤ ਪਾਤ ਨਹੀਂ ਮੰਨਦੇ,ਇਸ ਕਰਕੇ ਵਰਣ-ਆਸ਼ਰਮ ਮਰਯਾਦਾ ਵੀ ਨਹੀਂ ਨਿਭਾ ਸਕਦੇ।
੫. ਅਸੀਂ ਵਾਧੂ ਕਰਮ-ਕਾਂਡਾਂ ਵਿਚ ਵੀ ਯਕੀਨ ਨਹੀਂ ਰਖਦੇ।
੬. ਅਸੀਂ ਵੇਦ ਤੇ ਬ੍ਰਾਹਮਣ ਦੀ ਸਰਬੁੱਚਤਾ ਨਹੀਂ ਮੰਨਦੇ।
੭. ਅਸੀਂ ਦੁਨੀਆਦਾਰ ਤਾਂ ਹਾਂ, ਪਰ ਨਾਸਤਿਕ ਨਹੀਂ ਹੋ ਸਕਦੇ।
੮. ਅਸੀਂ ਕੇਸਾਂ ਦੀ ਬੇਅਦਬੀ ਨਹੀਂ ਕਰ ਸਕਦੇ।
੯, ਅਸੀਂ ਦਸਤਾਰ ਲਾਹ ਕੇ ਟੋਪੀ ਨਹੀਂ ਪਾ ਸਕਦੇ।
੧੦. ਅਸੀਂ ਸਿਗਰਟਨੋਸ਼ੀ ਨੂੰ ਫ਼ੈਸ਼ਨ ਬਣਾ ਕੇ ਨਹੀਂ ਅਪਣਾ ਸਕਦੇ।

ਹਿੰਦੁਸਤਾਨ ਸਾਡਾ ਪਿਆਰਾ ਦੇਸ਼ ਹੈ, ਇਸ ਦੀ ਏਕਤਾ ਤੇ ਸੁਤੰਤਰਤਾ ਦੇ ਅਸੀਂ ਮੁਦਈ ਰਹੇ ਹਾਂ ਤੇ ਇਸ ਲਈ ਦੂਜੀਆਂ ਕੌਮਾ ਨਾਲੋਂ ਵਧ ਕੁਰਬਾਨੀਆਂ ਵੀ ਕੀਤੀਆਂ ਹਨ। ਸਾਡੀਆਂ ਜਾਇਜ਼ ਮੰਗਾਂ ਨੂੰ ਖਟਾਈ 'ਚ ਪਾਉਣ ਲਈ ਸਾਨੂੰ ਦੇਸ਼-ਧ੍ਰੋਹੀ ਤੇ ਵਖਵਾਦੀ ਕਹਿ ਕੇ ਐਵੇਂ ਬਦਨਾਮ ਕੀਤਾ ਜਾ ਰਿਹਾ ਹੈ। ਪਰ ਇਹ ਕੁਟਿਲ ਨੀਤੀ ਬਹੁਤਾ ਚਿਰ ਨਹੀਂ ਚਲ ਸਕਦੀ। ਆਖ਼ਰ ਸਚਾਈ ਦੀ ਵਿਜਯ ਹੋਵੇਗੀ।


www.AKJ.Org

# ਖਾਲਸਾ ਜੀ ਦਾ ਗੁਰਮਤਿ ਆਦਰਸ਼

[ਭਾ: ਸਾ: ਭਾਈ ਰਣਧੀਰ ਸਿੰਘ ਜੀ]

੧੯੪੭ ਵਿਚ ਪਾਕਿਸਤਾਨ ਬਣਨ ਪਿਛੋਂ ਦੀਨਾਂ ਦੁਖੀਆਂ ਤੇ ਘੋਰ ਜ਼ੁਲਮ ਤੇ ਅਤਿਆਚਾਰ ਹੁੰਦੇ ਵੇਖ ਕੇ ਭਾਈ ਸਾਹਿਬ ਜੀ ਦਾ ਖ਼ਾਲਸਈ ਖ਼ੂਨ ਖੋਲ ਉਠਿਆ। ਓਦੋਂ ਆਪ ਜੀ ਨੇ ਖਾਲਸਾ ਜੀ ਨੂੰ ਹਲੂਣਾ ਦੇਣ ਲਈ ਇਕ ਲੇਖ ਛਪਵਾਇਆ, ਜੋ ਬਾਅਦ ਵਿਚ ਦੁਬਾਰਾ 'ਸੂਰਾ' ੧੯੬੭ ਵਿਚ ਛਪਿਆ ਸੀ। ਉਸ ਲੇਖ ਦਾ ਅਰੰਭਕ ਹਿੱਸਾ ਹੇਠਾਂ ਦਿਤਾ ਜਾ ਰਿਹਾ ਹੈ।

—ਸੰਪਾਦਕ

**ਦੁਸ਼ਟ ਜਿਤੇ ਉਠਵਤ ਉਤਪਾਤਾ॥**
**ਸਕਲ ਮਲੇਛ ਕਰੋ ਰਣ ਘਾਤਾ॥**

ਦੁਸ਼ਟ ਦਮਨੇਸ਼ ਸ੍ਰੀ ਗੁਰੂ ਦਸਮੇਸ਼ ਜੀ ਦਾ ਧਰਮ ਧੁਰੰਦਰੀ ਉਦੇਸ਼, ਸੱਚ ਉਪਕਾਰ ਆਦਰਸ਼ੀ ਉਪਦੇਸ਼ ਇਹ ਹੈ ਜੋ ਉਪਰ ਅੰਕਤੀ ਦੁਪੰਗਤੀ ਵਿਚ ਖਾਲਸਾ ਪੰਥ ਪ੍ਰਤੀ ਪ੍ਰਤਿਪਾਦਨ ਹੋਇਆ ਹੈ, ਉਸ ਸ੍ਰੀ ਕਲਗੇਸ਼ ਪਿਤਾ ਜੀ ਵਲੋਂ ਜਿਨ੍ਹਾਂ ਦਾ ਮੁਖ ਪਰਯੋਜਨ ਜਗ-ਜਨਮ-ਯਾਤਰਾ ਦਾ ਕੇਵਲ ਇਹ ਸੀ—

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨ ਪਕਰ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥੪੩॥

ਬਚਿਤ੍ਰ ਨਾਟਕ, ਧਿਆਇ ੬

ਇਸ ਉਪਰਲ ਆਦਰਸ਼ ਨੂੰ ਹੀ ਅਮਲੀ ਜਾਮਾ ਪਹਿਨਾਉਣ ਲਈ ਅਜ਼ਲੀ ਅਬਦੀ ਇਰਫ਼ਾਨ ਦੇ ਸਿਆਸਤਦਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਸਚੇ ਪਾਤਸ਼ਾਹ ਨੇ ਅਕਾਲੀ ਪੰਥ ਖਾਲਸਾ ਸਾਜਿਆ। ਸਾਜ ਕੇ ਅਧਿਆਤਮਕ ਸੂਰਬੀਰਤਾ ਵਿਚ ਨਿਪੁੰਨ ਕੀਤਾ। ਪਰਮਾਰਥਕ ਕਲਾ ਜਲਾਲਨੀ ਜਾਗਤ ਜੋਤਿ ਜਗਾ ਕੇ ਨਿਖਾਲਸ (ਨਿਰੋਲ ਖਾਲਸ) ਖਾਲਸਾ ਜੀ ਨੂੰ ਧਰਮ ਹੇਤ, ਪਰਉਪਕਾਰ ਹੇਤ ਮਰ ਮਿਟਣ ਵਾਲੇ ਅਤੇ ਧਰਮ-ਯੁਧ ਵਿਚ ਜ਼ਾਲਮਾਂ ਅਧਰਮੀਆਂ ਨੂੰ ਸੋਧ ਸਾਧ ਕੇ ਮਲੀਆਮੇਟ ਕਰਨਹਾਰੇ ਨਿਰਭੈ ਜੋਧਿਆਂ ਦੀ ਸੱਚੀ ਸਪਿਰਿਟ ਬਖ਼ਸ਼ੀ। ਇਸ ਸਪਿਰਿਟ ਸੇਤੀ ਸਰਸ਼ਾਰ ਹੋਏ ਖਾਲਸਾ ਜੀ ਦੀਆਂ ਅਕਾਲੀ ਫੌਜਾਂ ਨੇ ਉਹ ਕਾਰਨਾਮੇ ਕਰ ਕੇ ਦਿਖਾਏ ਹਨ ਕਿ ਦੁਨੀਆ ਦੰਗ ਰਹਿ ਗਈ ਹੈ। ਇਸ ਸਪਿਰਿਟ ਨਾਲ ਸੰਪੂਰਤ ਹੋਏ ਖਾਲਸਾ ਜੀ ਨੂੰ ਸਿਵਾਏ ਗੁਰੂ ਅਕਾਲ ਪੁਰਖ ਦੇ ਹੋਰ ਕਿਸੇ ਦੀ ਓਟ ਤਕਣ ਦੀ ਕਜ਼ਬ ਖ਼ਿਆਲਨੀ ਹੀ ਨਹੀਂ ਉਪਜੀ। ਸਦਾ ਚੜ੍ਹਦੀਆਂ ਕਲਾ ਵਾਲਾ ਔਜ ਖਾਲਸਾ ਜੀ ਦਾ ਇਕੋ ਇਕ ਧੁਰਵਾ ਇਸ ਕਰਕੇ ਰਿਹਾ ਹੈ ਕਿ ਖਾਲਸਾ ਪੰਥ ਕਦੇ ਕਿਸੇ ਦਾ ਮੁਥਾਜ ਨਹੀਂ ਰਿਹਾ। ਬੇਪਰਵਾਹ ਹੋ ਕੇ ਤੇਜ ਕਰਾਹੇ ਵਿਚ ਨਿਆਰਾ ਹੋ ਕੇ ਗੂੰਜਦਾ ਗਰਜਦਾ ਰਿਹਾ। ਕਪਟ-ਪੰਥੀਆਂ ਦੀ ਕਨੌਡ ਵਿਚ ਕਦੇ ਨਹੀਂ ਆਇਆ। ਸਾਵਧਾਨਤਾ ਰਹੇ ਤਾਂ ਭੀ ਖਾਲਸੇ ਦੇ ਪੌਂ ਬਾਰਾਂ ਹਨ। ਅਸੀਂ ਸਗਲੀ ਠੋਕ ਵਜਾ ਡਿਠੀ! ਕੜੀ ਕਾਂਗਰਸ ਅਤੇ ਨਵੀਂ ਬਣੀ ਗੜੀ ਗਵਰਨਮੈਂਟ ਸਾਡੇ ਕਿਸੇ ਕੰਮ ਨਹੀਂ ਆਉਣੀ। ਜੋ ਕੁਝ ਕਰਨਾ ਹੈ ਸੋ ਖਾਲਸਾ ਜੀ ਨੇ ਆਪਣੇ ਬਾਹੂ ਬਲ ਦੇ ਜ਼ੋਰ ਤੇ ਹੀ ਕਰਨਾ ਹੈ। ਅਤੇ ਗੁਰੂ ਅਕਾਲ ਪੁਰਖ ਦੇ ਆਸਰੇ ਪਰਨੇ ਹੋ ਕੇ ਹੀ ਕਰਨਾ ਹੈ। ਪਿਛਲੇ ਧੋਣੇ ਸਭ ਧੋ ਦੇਣੇ ਹਨ।



www.AKJ.Org

# ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥

॥੭॥੮॥ ਆਸਾ ਮ: ੧, ਪੰਨਾ ੪੧੫

[ਭਾਈ ਰਣਜੀਤ ਸਿੰਘ ਜੀ ਮਾਜਰੀ ਲੁਧਿਆਣਾ]

ਕੁਝ ਦਿਨ ਹੋਏ, ਦਾਸਰੇ ਦੇ ਕੁਲੀਗ ਫ਼ਿਲਮ ਦੇਖਣ ਲਈ ਆਖ ਰਹੇ ਸਨ। ਸਬੱਬ ਨਾਲ ਹੀ ਦਾਸ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਕ੍ਰਿਤ : "ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ" ਪੁਸਤਕ ਪੜ੍ਹ ਰਿਹਾ ਸੀ। ਮੌਕੇ ਅਨੁਸਾਰ ਬੜਾ ਹੀ ਸੁੰਦਰ ਜਵਾਬ ਮਿਲਿਆ :

"ਸੰਸਾਰੀ ਦੁਨੀਆਦਾਰਾਂ ਦੀ ਸਭ ਤੋਂ ਵੱਡੀ ਮੇਜਾਰਟੀ ਉਹ ਹੈ ਜੋ ਚੰਚਲ ਚਾਇ ਵਾਲੇ ਨਟ ਨਾਟਿਕ ਨਿਰਤੀ ਥੀਏਟਰਾਂ ਸਿਨਮਿਆਂ ਦੇ ਦੇਖਣ ਵਿਚ ਹੀ ਸਾਰੀ ਦੀ ਸਾਰੀ ਉਮਰ ਖਰਾਬ ਕਰ ਦਿੰਦੇ ਹਨ। ਪਰ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ, ਸਗੋਂ ਸਭ ਕੁਝ ਗੁਆ ਬੈਠਦੇ ਹਨ। ਆਪਣੀ ਆਕਬਤ (ਪਰਲੋਕ) ਭੀ ਗੰਦੀ ਕਰ ਲੈਂਦੇ ਹਨ। ਬੜੇ ਬੜੇ ਪੜ੍ਹੇ ਲਿਖੇ ਮਗਰਬੀ (ਪੱਛਮੀ) ਤਹਿਜ਼ੀਬ ਦੀਆਂ ਮੁਹੱਜ਼ਬ ਪੜ੍ਹਾਈਆਂ ਵਿਚ ਹੜ੍ਹੇ ਕੜ੍ਹੇ ਹੋਏ ਏਸ ਨਿਘਰ ਟੋਏ ਵਿਚ ਗਰਕ ਹੋ ਕੇ ਬਹੁਤੇ ਡਿਗਦੇ ਹਨ। ਮਾਇਕ ਵਡੇਰੂਆਂ, ਫੋਕੀ ਤਹਿਜ਼ੀਬ ਦੇ ਮੁਠੜੇ, ਤਾਲੀਮ ਇਲਮੇਰੂਆਂ ਦੇ ਪਰਵਾਰਾਂ ਦੇ ਪਰਵਾਰ ਜੁੜ ਕੇ ਸਿਨਿਮੇ ਥੀਏਟਰਾਂ ਦੇ ਗੰਦੇ ਰਾਗ, ਨੰਗੇ ਨਾਚ, ਮੰਦੇ ਕਰਮਾਚ ਦੇਖਣ ਸੁਣਨ ਅਤੇ ਗੁੜ੍ਹਣ ਲਈ ਜਾਂਦੇ ਹਨ। ਬੜੇ ਬੜੇ ਉਘੇ ਰੀਫਾਰਮਰ ਵਜ਼ੀਰ ਕਬੀਰ, ਰਜੇ ਰਾਉ, ਅਮੀਰ ਆਪਣੀਆਂ ਬਹੂਆਂ, ਬੇਟੀਆਂ, ਨੋਹਾਂ ਪੜਨੋਹਾਂ ਨੂੰ ਲੈ ਕੇ ਏਸ ਅਤ ਬੇਸ਼ਰਮੀ ਵਾਲੇ ਤਮਾਸ਼ਿਆਂ ਦੇ ਨਿਜ-ਸੰਤਾਨ ਵਿਗਾੜੂ ਪਰਚਾਰਕ ਬਣਦੇ ਹਨ। ਅੱਜ ਸਾਰਾ ਭਾਰਤ ਵਰਸ਼, ਸਾਰਾ ਹਿੰਦੁਸਤਾਨ, ਕੀ ਅਮੀਰ ਕੀ ਗਰੀਬ ਤਬਕਾ, ਏਸੇ ਸਿਨਮੇ-ਬਾਜ਼ੀ ਦੀ ਧਸਣ ਵਿੱਚ ਧਸ ਰਿਹਾ ਹੈ। ਤਿਨ੍ਹਾਂ ਦੇ ਉਤਾਰੇ-ਨਿਸਤਾਰੇ ਦੀ ਕੋਈ ਆਸ ਉਮੀਦ ਨਹੀਂ।" [ਗੁਰਮਤਿ ਕਰਮ ਫਿਲਾਸਫ਼ੀ, ਪਹਿਲੀ ਐਡੀਸ਼ਨ, ਪੰਨਾ ੪੩੮

ਤਾਹੀਂ ਤਾਂ ਭਾਈ ਸਾਹਿਬ ਵਰਗੇ ਮਹਿਕੜੇ ਪੌਦੜੇ ਨੂੰ ਗਿਆਨੀ ਹੀਰਾ ਸਿੰਘ ਦਰਦ ਜੀ ਨੇ ਆਪਣੀ ਕਾਵਿ-ਫੁਲਵਾੜੀ ਵਿੱਚ ਇਸਤਰ੍ਹਾਂ ਸਸ਼ੋਭ੍ਰਤ ਕੀਤਾ ਹੈ :

ਦਸ ਕਿਹੜੇ ਬਾਂਇ ਪਹਿਲਾਂ ਚਲੀਏ ਪਿਆਰਿਆ ਵੇ, ਆਂਵਦੇ ਸੰਦੇਸੇ ਸਭ ਪਾਸੋਂ ਵਾਂਗ ਤਾਰ ਦੇ।\
ਚਲੀਏ 'ਹਜ਼ਾਰੀ ਬਾਗ' ਬੀਰ ਰਣਧੀਰ ਪਾਸ, ਚਕੀਆਂ ਪਿਹਾਈਏ ਕੋਲ ਬੈਠ ਸੋਹਣੇ ਯਾਰ ਦੇ।\
ਚੰਦਨ ਦੇ ਬੂਟੇ ਨੇ ਮਹਿਕਾਈ ਹੈ ਸੁਗੰਧ ਜਿਥੇ, ਸੁੰਘ ਲਈਏ ਭੌਰ ਬਣ ਫੁਲ ਗੁਲਜ਼ਾਰ ਦੇ।\
ਅੱਜ ਇਹ ਹਜ਼ਾਰੀ ਬਾਗ ਲਖੀ ਤੇ ਕਰੋੜੀ ਬਾਗ, ਸਾਈਂ ਦੇ ਪਿਆਰੇ ਇਹ ਤੋਂ ਤਨ ਮਨ ਵਾਰਦੇ।\
ਵੇਖ ਮਰਦਾਨਿਆ ਰੰਗ ਕਰਤਾਰ ਦੇ। ['ਚੋਣਵੇਂ ਦਰਦ ਸੁਨੇਹੇ' ਵਿਚੋਂ

ਧੰਨ ਹੈ ਭਾਈ ਸਾਹਿਬ ਜੀ ਦੀ ਗੁਰਮਤਿ ਵਿਆਖਿਆ, ਜਿਸ ਨੇ ਸਾਥੀ ਕੁਲੀਗ ਨੂੰ ਠੋਸ ਤੇ ਨਿਗਰ ਉੱਤਰ ਨਾਲ ਸੰਤੁਸ਼ਟ ਕਰਵਾ ਦਿਤਾ।

---

# ਸਿਖ ਦੇਸ਼ ਦੇ ਦੋਸਤ

## ਉਹਨਾਂ ਵਿਰੁਧ ਪ੍ਰਚਾਰ ਕਰਨ ਵਾਲੇ ਦੇਸ਼-ਦੁਸ਼ਮਣ ਹਨ—ਡਾ: ਫ਼ਾਰੂਕ

ਜੰਮੂ, ੧੧ ਜਨਵਰੀ, ਮੁਖ ਮੰਤਰੀ ਡਾਕਟਰ ਫ਼ਾਰੂਕ ਅਬਦੁਲਾ ਨੇ ਕੇਂਦਰ ਅਤੇ ਅਕਾਲੀਆਂ ਦੇ ਵਿਚਕਾਰ ਨਵੇਂ ਸਿਰਿਉਂ ਗਲਬਾਤ ਸ਼ੁਰੂ ਹੋਣ ਦਾ ਸੁਆਗਤ ਕੀਤਾ ਹੈ।

ਆਰ.ਐਸ. ਪੁਰਾ ਗੁਰਦੁਆਰਾ ਸਿੰਬਲ ਕੈਂਪ ਵਿਚ ਇਕ ਦੀਵਾਨ ਨੂੰ ਸੰਬੋਧਨ ਕਰਦੇ ਹੋਏ ਡਾਕਟਰ ਅਬਦੁਲਾ ਨੇ ਕਿਹਾ ਕਿ ਪੰਜਾਬ-ਸਮੱਸਿਆ ਨੂੰ ਫ਼ੌਰੀ ਤੌਰ ਤੇ ਆਪਸੀ ਸੂਝ-ਬੂਝ ਅਤੇ ਗੱਲਬਾਤ ਦੇ ਰਾਹੀਂ ਹਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਅਜਿਹੇ ਲੋਕਾਂ ਦਾ ਮਜ਼ਾਕ ਉਡਾਇਆ ਜੋ ਸਿਖਾਂ ਨੂੰ ਦੁਸ਼ਮਣ ਦੇ ਤੌਰ ਤੇ ਪੇਸ਼ ਕਰਨ ਦੀ ਕੋਸ਼ਸ਼ ਕਰ ਰਹੇ ਹਨ। ਰਾਸ਼ਟਰੀ ਪੁਨਰ-ਨਿਰਮਾਣ ਅਤੇ ਦੇਸ਼ ਦੀ ਸੁਰੱਖਿਆ ਲਈ ਸਿਖਾਂ ਦੇ ਰੋਲ ਦੀ ਯਾਦ ਦਿਵਾਂਦੇ ਹੋਏ ਉਹਨਾਂ ਨੇ ਕਿਹਾ ਕਿ ਜੋ ਇਹ ਗਲਤ ਪ੍ਰਚਾਰ ਕਰ ਰਹੇ ਹਨ, ਅਸਲ ਵਿਚ ਦੇਸ਼ ਦੇ ਦੁਸ਼ਮਣ ਹਨ। ਉਹਨਾਂ ਨੇ ਕਿਹਾ ਕਿ ਸਿਖ ਦੇਸ਼ ਦੇ ਦੁਸ਼ਮਣ ਨਹੀਂ, ਬਲਕਿ ਦੋਸਤ ਹਨ। ਮੁਖ ਮੰਤਰੀ ਨੇ ਕਿਹਾ ਕਿ ਦੇਸ਼ ਇਸ ਸਮੇਂ ਨਾਜ਼ਕ ਦੌਰ ਵਿਚੋਂ ਲੰਘ ਰਿਹਾ ਹੈ ਅਤੇ ਇਸ ਸਮੇਂ ਸਮੱਸਿਆ ਨੂੰ ਹਲ ਕਰਨ ਲਈ ਹੁਸ਼ਿਆਰੀ ਤੋਂ ਕੰਮ ਲੈਣਾ ਚਾਹੀਦਾ ਹੈ।...... ਰੋਜ਼ਾਨਾ ਅਜੀਤ, 12-1-83, ਪੰਨਾ 2

www.AKJ.Org

# ਮਾਨਸਿਕ ਰੋਗ

[ਡਾਕਟਰ ਅਮਰੀਕ ਸਿੰਘ ਜੀ ਚੀਮਾ]

ਨੋਟ:—ਡਾ: ਅਮਰੀਕ ਸਿੰਘ ਜੀ ਚੀਮਾ, ਜੋ ਇਕ ਪ੍ਰਸਿਧ ਖੇਤੀ ਮਾਹਰ, ਮੰਨੇ ਹੋਏ ਅਰਥ-ਸ਼ਾਸਤਰ-ਵਿਗਿਆਨੀ ਅਤੇ ਪੰਜਾਬੀ ਵਿਚ ਹਰੀ ਕ੍ਰਾਂਤੀ ਦੇ ਮੋਢੀ ਹਨ, ਉਨ੍ਹਾਂ ਦੀ ਪੁਸਤਕ "ਨਾਮ-ਯੋਗ" ਦੇ ਪਹਿਲੇ ੪੭ ਪੰਨਿਆਂ ਦੇ ਪਹਿਲੇ ਲੇਖ "ਮਾਨਸਿਕ ਰੋਗ" ਦੇ ਵਿਚੋਂ ਵਿਚੋਂ ਕੁਝ ਸਤਰਾਂ ਲੈ ਕੇ ਇਹ ਲੇਖ ਗੁੰਦ ਕੇ ਪਾਠਕਾਂ ਦੇ ਲਾਭ ਹਿਤ ਭੇਟਾ ਕੀਤਾ ਜਾ ਰਿਹਾ ਹੈ। —ਸੰਪਾਦਕ

ਅੰਦਰਿ ਤਿਸਨਾ ਅਗਿ ਹੈ, ਮਨਮੁਖ ਭੁਖ ਨ ਜਾਇ॥
ਮੋਹੁ, ਕੁਟੰਬੁ ਸਭੁ ਕੂੜੁ ਹੈ, ਕੂੜਿ ਰਹਿਆ ਲਪਟਾਇ॥
ਅਨਦਿਨੁ ਚਿੰਤਾ ਚਿੰਤਵੈ, ਚਿੰਤਾ ਬਧਾ ਜਾਇ॥
ਜੰਮਣੁ ਮਰਣੁ ਨ ਚੁਕਈ, ਹਉਮੈ ਕਰਮ ਕਮਾਇ॥
ਗੁਰ ਸਰਣਾਈ ਉਬਰੈ, ਨਾਨਕ ਲਏ ਛਡਾਇ॥੨੬॥

[ਸਲੋਕ ਮਹਲਾ ੪, ਪੰਨਾ ੧੪੨੪

ਪਰਮਾਤਮਾ ਨੇ ਆਪਣੇ ਹੁਕਮ ਅਨੁਸਾਰ ਜਗਤ ਰਚਿਆ, ਪਰ ਨਾਲ ਹੀ ਮੋਹ ਮਾਇਆ ਦਾ ਏਡਾ ਵਡਾ ਜਾਲ ਵਿਛਾ ਦਿੱਤਾ, ਜਿਸ ਤੋਂ ਕੋਈ ਵਿਰਲਾ ਹੀ ਬਚ ਸਕਿਆ—

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ, ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੂਕਾਰਾ॥੨॥੨॥

[ਸੋਰਠਿ ਮ: ੩, ਪੰਨਾ ੬੦੦

ਕਾਮੁ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਪੰਜ ਚੋਰ ਹਨ। ਇਹ ਮਨੁਖ ਦੇ ਵਡੇ ਦੁਸ਼ਮਣ ਹਨ। ਜਦੋਂ ਤਕ ਮਨੁਖ ਇਨ੍ਹਾਂ ਦੇ ਵੱਸ ਹੈ, ਉਹ ਕਦੇ ਉਸਾਰੀ ਵਾਲੇ ਪਾਸੇ ਨਹੀਂ ਜਾ ਸਕਦਾ। ਇਨ੍ਹਾਂ ਵਿਕਾਰਾਂ ਦੇ ਵੱਸ ਵਿਚ ਜੀਵ ਵਾਹਿਗੁਰੂ ਦੇ ਧਿਆਨ ਦੀ ਬਜਾਇ ਕੁਰਾਹੇ ਪੈ ਗਿਆ,ਸੱਚ ਛਡ ਕੇ ਝੂਠ ਪਲੇ ਬੰਨ੍ਹ ਤੁਰਿਆ, ਮਾਇਆ-ਮੋਹ ਤੇ ਤ੍ਰਿਸ਼ਨਾ ਦੀ ਸੁਲਘਦੀ ਅੱਗ ਵਿਚ ਸੜਨ ਲਗ ਪਿਆ। ਤ੍ਰਿਸ਼ਨਾ ਦੀ ਅੱਗ ਬੁਝਾਣ ਲਈ ਬਾਕੀ ਰੋਗ ਭੀ ਲਾ ਬੈਠਾ, ਜਿਵੇਂ ਕਿ ਈਰਖਾ, ਕ੍ਰੋਧ, ਚੁਗਲੀ, ਹਰਾਮਖੋਰੀ, ਲੋਭ, ਤਥਾ ਕਾਮ ਦੇ ਨਸ਼ੇ ਵਿਚ ਚੂਰ ਹੋ ਗਿਆ ਅਤੇ ਇਹ ਸਮਝਿਆ ਕਿ ਇਹ ਸਾਰੀਆਂ ਵਸਤੂਆਂ ਉਸ ਦੇ ਐਸ਼-ਇਸ਼ਰਤ ਲਈ ਹੀ ਬਣਾਈਆਂ ਗਈਆਂ ਹਨ। ਦਿਲ ਦਿਮਾਗ ਕਾਲਾ ਹੋ ਗਿਆ। ਇਉਂ ਹਮੇਸ਼ਾ ਲਈ ਉਸਪਰਮਾਤਮਾ ਸੱਚੇ ਮਾਲਕ ਤੋਂ ਟੁਟ ਗਿਆ।

ਸਾਰੀ ਬਾਣੀ ਵਿਚ ਤ੍ਰਿਸ਼ਨਾ ਨੂੰ ਮਿਟਾਣ ਦੀ ਤਾਕੀਦ ਕੀਤੀ ਗਈ ਹੈ। ਪਰ ਇਹ ਦਿਨੋ ਦਿਨ ਵਧਦੀ ਹੀ ਜਾ ਰਹੀ ਹੈ। ਇਸ ਤ੍ਰਿਸ਼ਨਾ ਕਾਰਨ ਕਈ ਅਪਰਾਧ ਹੁੰਦੇ ਹਨ। ਹਰ ਮਨੁਖ ਇਸ ਦਾ ਸ਼ਿਕਾਰ ਹੋਇਆ ਬੈਠਾ ਹੈ। ਹਰ ਇਕ ਨੂੰ ਕੋਈ ਨਾ ਕੋਈ ਤ੍ਰਿਸ਼ਨਾ ਹੈ, ਕਿਸੇ ਨੂੰ ਚੰਗੇ ਭੋਜਨ ਦੀ, ਕਿਸੇ ਨੂੰ ਸ਼ਰਾਬ ਦੀ, ਕਿਸੇ ਨੂੰ ਮਾਇਆ ਦੀ, ਕਿਸੇ ਨੂੰ ਜਾਇਦਾਦ ਦੀ। ਗੱਲ ਕੀ, ਹਰ ਇਕ ਨੂੰ ਇਹ ਰੋਗ ਲਗਾ ਹੋਇਆ ਹੈ। ਹੱਵਸ ਤੇ ਨਿੰਦਾ ਵਿਚ ਫਸਿਆ ਪਿਆ ਹੈ।

ਮਨੁਖ ਸੋਚਦਾ ਹੈ ਕਿ ਕੰਮ ਵੀ ਨਾ ਕਰਨਾ ਪਵੇ ਤੇ ਫਲ ਵੀ ਚੰਗਾ ਮਿਲੇ, ਜਿਸ ਲਈ ਉਹ ਐਸੇ ਕੰਮਾਂ ਦੀ ਢੂੰਡ ਵਿਚ ਰਹਿੰਦਾ ਹੈ ਜਿਨ੍ਹਾਂ ਵਿਚ ਮਿਹਨਤ ਤੋਂ ਬਿਨਾਂ ਹੀ ਕਮਾਈ ਹੋ ਜਾਵੇ। ਜੇ ਮਿਲਾਵਟ ਕਰਨ ਨਾਲ ਮਾਇਆ ਵਧ ਜਾਏ ਤਾਂ ਅਸਲ ਵੇਚਣ ਦੀ ਕੀ ਲੋੜ ਹੈ! ਜੇ ਥੋੜੀ ਜਿਹੀ ਹੇਰਾ-ਫੇਰੀ ਨਾਲ ਜਾਂ ਝੂਠ ਬੋਲਣ ਨਾਲ


www.AKJ.Org

ਕਮਾਈ ਹੋ ਜਾਏ ਤਾ ਮਿਹਨਤ ਕਰਨ ਦੀ ਕੀ ਲੋੜ ਹੈ ! ਪਰ ਮਨੁਖ ਇਹ ਨਹੀਂ ਸੋਚਦਾ ਕਿ ਅਜਿਹਾ ਕਰਨ ਨਾਲ ਕਿੰਨੀਆਂ ਜਾਨਾਂ ਦਾ ਨੁਕਸਾਨ ਹੁੰਦਾ ਹੈ, ਕਿੰਨੇ ਘਰ ਬਰਬਾਦ ਹੁੰਦੇ ਹਨ, ਅਤੇ ਆਪ ਖ਼ੁਦ ਇਨਸਾਨ ਕਿੰਨਾ ਨੀਵਾਂ ਪਹੁੰਚ ਗਿਆ ਹੈ, ਤੇ ਰੱਬ ਤੋਂ ਬੇਮੁਖ ਹੋ ਗਿਆ ਹੈ। ਇਸ ਮਾਇਆ ਦੇ ਚੱਕਰ ਨੇ ਉਸ ਨੂੰ ਆਪਣੀ ਅਸਲੀਅਤ ਭੁਲਾ ਦਿਤੀ ਹੈ। ਹੋਰ ਕੁਝ ਵੇਖ ਸਕਣ ਦੀ ਸ਼ਕਤੀ ਹੀ ਨਹੀਂ ਰਹੀ । ਇਸ ਝੂਠੇ ਜਾਲ ਵਿਚ ਫਸ ਕੇ ਉਹ ਭੁਲ ਗਿਆ ਹੈ।

ਇਸ ਤ੍ਰਿਸ਼ਨਾ ਕਾਰਨ ਅਜ ਵਡੇ ਛੋਟੇ ਦਾ ਸਤਿਕਾਰ ਮਾਨ ਨਹੀਂ ਰਿਹਾ, ਭਰਾ ਭਰਾ ਦਾ ਪਿਆਰ ਨਹੀਂ ਰਿਹਾ, ਕਿਸੇ ਨੂੰ ਕਿਸੇ ਤੇ ਯਕੀਨ ਨਹੀਂ ਰਿਹਾ, ਅਮਾਨਤ ਅਮਾਨਤ ਨਹੀਂ ਸਮਝੀ ਜਾਂਦੀ, ਹੜੱਪ ਕਰਨ ਲਈ ਤਰੀਕੇ ਸੋਚੇ ਜਾਂਦੇ ਹਨ। ਕੋਈ ਮਰਯਾਦਾ, ਕੋਈ ਅਸੂਲ ਨਹੀਂ ਰਹਿਣ ਦਿਤਾ ਇਸ ਤ੍ਰਿਸ਼ਨਾ ਨੇ। ਇਨਸਾਨ ਦੀ ਇਨਸਾਨੀਅਤ ਤੇ ਫ਼ਰਜ਼ ਸਭ ਭੁਲਾ ਦਿਤੇ ਹਨ । ਕਾਨੂੰਨ ਕਾਨੂੰਨ ਨਹੀਂ ਰਹਿ ਗਿਆ, ਥੋੜੀ ਜਹੀ ਮਾਇਆ ਬਦਲੇ ਝੂਠੀਆਂ ਗਵਾਹੀਆਂ ਕਾਰਨ ਕਈ ਬੇਗੁਨਾਹ ਫਾਂਸੀ ਲਗ ਜਾਂਦੇ ਹਨ। ਸੌਖੀ ਕਮਾਈ ਲਈ ਪਹਿਲੂ ਬਦਲੇ ਜਾਂਦੇ ਹਨ, ਪੈਸਾ ਹੀ ਕਰਤੱਵ ਬਣ ਗਿਆ ਹੈ। ਮਨੁੱਖ ਦੀ ਜ਼ਮੀਰ ਹੀ ਮਰ ਗਈ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਇਕ ਦਿਨ ਆਪਣੇ ਪੁੱਤਰ ਦੇ ਅੰਦਰ ਮਾਇਆ ਦੀ ਲਾਲਸਾ ਵੇਖ ਕੇ, ਉਸ ਨੂੰ ਪੈਸੇ ਗਿਣਨ ਤੇ ਲਾ ਦਿਤਾ। ਉਹ ਕਈ ਘੰਟੇ ਪੈਸੇ ਗਿਣਦਾ ਰਿਹਾ ਤੇ ਉਸ ਦੇ ਹੱਥ ਕਾਲੇ ਹੋ ਗਏ। ਹੱਥ ਕਾਲੇ ਵੇਖ ਕੇ ਉਸ ਨੇ ਕਿਹਾ, "ਪਿਤਾ ਜੀ, ਇਹਨਾਂ ਪੈਸਿਆਂ ਨਾਲ ਤਾਂ ਮੇਰੇ ਹੱਥ ਕਾਲੇ ਹੋ ਗਏ ਹਨ।" ਗੁਰੂ ਸਾਹਿਬ ਕਹਿਣ ਲਗੇ, "ਪੁਤਰ, ਜਿਹੜੀ ਚੀਜ਼ ਹੱਥ ਕਾਲੇ ਕਰ ਦਿੰਦੀ ਹੈ, ਉਸ ਦੀ ਲਾਲਸਾ ਕੀ ਮਨ ਨੂੰ ਕਾਲਾ ਨਹੀਂ ਕਰੇਗੀ ? ਤੇਰਾ ਅੰਦਰ ਹੀ ਇਸ ਲਾਲਸ਼ਾ ਨੇ ਕਾਲਾ ਕਰ ਦਿਤਾ ਹੈ।" ਇਸੇ ਤਰ੍ਹਾਂ ਅੱਜ ਵੀ ਇਸ਼ ਧਨ ਨੇ ਮਨੁਖਾਂ ਦੇ ਮਨ ਕਾਲੇ ਕਰ ਛਡੇ ਹਨ। ਇਥੋਂ ਤਕ ਹਾਲਤ ਹੋ ਗਈ ਹੈ ਕਿ ਬਹੁਤ ਸਾਰੇ ਦਾਨ ਪੁੰਨ ਵੀ ਇਸੇ ਬਿਨਾਂ-ਮਿਹਨਤ ਦੀ ਕਮਾਈ ਨਾਲ ਹੀ ਕੀਤੇ ਜਾਣ ਲਗ ਪਏ ਹਨ।

ਅੱਜ ਇਸ ਧਨ ਦੇ ਜ਼ੋਰ ਤੇ ਗੁਨਾਹ ਬਖਸ਼ਾ ਲਏ ਜਾਂਦੇ ਹਨ। ਵਡੇ ਵਡੇ ਗੁਨਾਹਗਾਰ ਇਸ ਦੇ ਸਹਾਰੇ ਦੇਵਤਾ ਰੂਪ ਬਣੇ ਬੈਠੇ ਹਨ । ਅਸਲੀ (ਸੱਚੀ) ਅਦਾਲਤ, ਜਿਥੇ ਆਖ਼ਰੀ ਫ਼ੈਸਲਾ ਹੋਣਾ ਹੈ, ਬਿਲਕੁਲ ਯਾਦ ਨਹੀਂ।

ਇਹ ਵੈਰ ਵਿਰੋਧ, ਜਿਹੜਾ ਕਿ ਆਦਮੀ ਦੀ ਤਬਾਹੀ ਦਾ ਕਾਰਨ ਹੈ, ਜਿਸ ਨਾਲ ਅਜ ਮੁਲਕ ਮੁਲਕ ਦਾ ਵੈਰੀ, ਕੌਮ ਕੌਮ ਦੀ ਵੈਰੀ, ਇਕ ਮਜ਼ਹਬ ਦੂਸਰੇ ਦਾ ਵੈਰੀ ਤੇ ਇਕ ਸੂਬਾ ਦੂਸਰੇ ਦਾ ਵੈਰੀ, ਇਥੋਂ ਤਕ ਕਿ ਇਕ ਬੋਲੀ ਦੂਸਰੀ ਬੋਲੀ ਦੀ ਵੈਰੀ ਬਣੀ ਬੈਠੀ ਹੈ। ਇਹ ਸਭ ਕੁਝ ਤ੍ਰਿਸ਼ਨਾ ਦੇ ਕਾਰਨ ਹੈ।

ਇਸ 'ਮੇਰੀ' 'ਮੇਰੀ' ਦੀ ਤਮੰਨਾ ਨੇ ਤਾਂ, ਇਉਂ ਲਗਦਾ ਹੈ ਕਿ, ਅਸਾਂ ਰੱਬ ਨੂੰ ਗੁੰਮ ਹੀ ਕਰ ਦਿਤਾ ਹੈ। ਬਹੁਤ ਸਾਰੇ ਨੌਜੁਆਨ ਤਾਂ "ਖਾਓ ਪੀਓ, ਮੌਜ ਉਡਾਓ" ਦੇ ਅਸੂਲ ਨੂੰ ਹੀ ਮੰਨਣ ਲਗ ਪਏ ਹਨ ਅਤੇ ਇਹ ਸਮਝਣ ਲਗ ਪਏ ਹਨ ਕਿ ਰੱਬ ਨਾਮ ਦੀ ਕੋਈ ਚੀਜ਼ ਹੀ ਨਹੀਂ ਹੈ, ਐਵੇਂ ਭੁਲੇਖਾ ਹੀ ਹੈ ਅਤੇ ਨਾ ਹੀ ਉਹ ਉਸ ਦੀ ਜ਼ਰੂਰਤ ਹੀ ਸਮਝਦੇ ਹਨ।

ਰੂਹ ਕਰਕੇ ਮਨੁਖ ਪਰਮਾਤਮਾ ਦਾ ਅੰਗ ਹੈ, ਜਿਸਮ ਕਰਕੇ ਆਦਮੀ ਹੈ। ਹਰ ਇਕ ਦੀ ਰੂਹ ਸਾਂਝੀ ਹੈ, ਜਿਹੜੀ ਕਦੇ ਮਰਦੀ ਨਹੀਂ। ਇਹ ਜਿਸਮ ਮਿੱਟੀ ਦਾ ਪੁਤਲਾ ਹੈ, ਜੋ ਆਖ਼ਰ ਮਿੱਟੀ ਵਿਚ ਹੀ ਮਿਲ ਜਾਂਦਾ ਹੈ। ਇਸ ਪੁਤਲੇ ਖ਼ਾਤਰ ਮਨੁਖ ਸਾਰੀਆਂ ਮੁਸੀਬਤਾਂ ਮੁਲ ਲੈਂਦਾ ਹੈ, ਤੇ ਇਸ ਨੂੰ ਸ਼ਿੰਗਾਰਨ ਤੇ ਐਸ਼ੋ-ਇਸ਼ਰਤ ਵਿਚ ਆਪਣਾ ਕੀਮਤੀ ਵਕਤ ਗੁਆ ਲੈਂਦਾ ਹੈ। ਪਰ ਰੂਹ ਦੀ ਖੁਰਾਕ ਤੇ ਸ਼ਿੰਗਾਰ ਦਾ ਕੋਈ ਧਿਆਨ ਨਹੀਂ ਦਿੰਦਾ। ਆਖ਼ਰ ਕਾਲ ਸਿਰ ਤੇ ਆ ਪਹੁੰਚਦਾ ਹੈ।


www.AKJ.Org

ਰਤਨੁ[1] ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ[2] ॥
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ[3] ਸੋ ਦੂਰਿ ਪਰਾਨੈ[4] ॥
ਛੋਡਿ ਜਾਇ ਤਿਸ ਕਾ ਸ੍ਰਮੁ[5] ਕਰੈ ॥ ਸੰਗਿ ਸਹਾਈ ਤਿਸੁ ਪਰਹਰੈ[6] ॥
ਚੰਦਨ ਲੇਪੁ ਉਤਾਰੈ ਧੋਇ ॥ ਗਰਧਭ[7] ਪ੍ਰੀਤਿ ਭਸਮ ਸੰਗਿ ਹੋਇ ॥੪॥੪॥ [ਗਉੜੀ ਸੁਖਮਨੀ ਮ: ੫,

ਧਰਮ ਸਿਰਫ ਇਕ ਹੀ ਗੱਲ ਦਸਦਾ ਕਿ ਚੰਗੇ ਇਨਸਾਨ ਬਣੋ। ਨੇਕੀ ਕਰੋ, ਗੁਣਾਂ ਦਾ ਧਿਆਨ ਕਰੋ, ਹੱਕ ਦੀ ਕਮਾਈ ਕਰੋ, ਤ੍ਰਿਸ਼ਨਾ ਲੋਭ ਮੋਹ ਅਹੰਕਾਰ ਤੋਂ ਬਚੋ। ਸਭ ਨਾਲ ਮੇਲ-ਮਿਲਾਪ ਰਖੋ। ਸੱਤ ਸੰਤੋਖ ਕਰਨਾ ਆਪਣਾ ਕੁਰਤੱਵ ਸਮਝੋ। ਨਾਮ ਜਪੋ ਤੇ ਭਾਣਾ ਮੰਨੋ। ਫਿਰ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਰਹਿ ਜਾਂਦੀ, ਪ੍ਰਮਾਤਮਾ ਅੰਗ ਸੰਗ ਸਹਾਈ ਹੁੰਦਾ ਹੈ।

ਗੁਰੂ ਸਾਹਿਬ ਨੇ ਤਾਂ ਕਲਜੁਗ ਵਿਚ ਸੌਖਾ ਰਸਤਾ ਦਸਿਆ—ਨਾਮ ਜਪਣਾ, ਵੰਡ ਛਕਣਾ ਤੇ ਭਾਣਾ ਮੰਨਣਾ। ਰੱਬ ਅਗੇ ਹਮੇਸ਼ਾ ਬੇਨਤੀ, ਅਰਦਾਸ ਤੇ ਉਸ ਮਾਲਕ ਦੀ ਸਿਫ਼ਤ ਕਰਨੀ ਦਸੀ ਹੈ। ਗੁਰੂ ਗੋਬਿੰਦ ਸਿੰਘ ਜੀ ਬਾਣੀ ਨੂੰ ਗੁਰਿਆਈ ਬਖਸ਼ ਗਏ ਹਨ। ਸੋ ਅਸਾਂ ਉਸੇ ਪਵਿੱਤਰ ਬਾਣੀ ਵਿਚੋਂ ਸਭ ਕੁਝ ਲਭਣਾ ਹੈ।

ਲੋੜ ਹੈ, ਆਪਣਾ ਆਪ ਸਵਾਰਨ ਦੇ ਨਾਲ ਨਾਲ ਸੰਸਾਰ ਦਾ ਭਲਾ ਵੀ ਕਰੋ। ਕਿਸੇ ਗਰੀਬ ਜਾਂ ਲਾਚਾਰ ਦਾ ਮਜ਼ਾਕ ਨਾ ਉਡਾਓ। ਇਹ ਸਭ ਤੋਂ ਵਡਾ ਗੁਨਾਹ ਹੈ। ਹੋ ਸਕੇ ਤਾਂ ਉਸ ਦੀ ਮਦਦ ਕਰੋ, ਤਾਂ ਜੁ ਉਹ ਬੁਰਾਈ ਕਰਨ ਤੋਂ ਬਚ ਜਾਵੇ। ਕਿਉਂਕਿ ਜਦੋਂ ਆਦਮੀ ਮਜਬੂਰ ਹੋ ਜਾਵੇ ਤੇ ਉਸ ਨੂੰ ਕੋਈ ਰਸਤਾ ਨਾ ਦਿਸੇ ਤਾਂ ਉਸ ਲਾਚਾਰੀ ਕਾਰਨ ਖੂਨ-ਖ਼ਰਾਬਾ ਜਾਂ ਚੋਰੀ ਡਾਕੇ ਤੇ ਉਤਰ ਆਉਂਦਾ ਹੈ। ਕਈ ਨੌਜਵਾਨਾਂ ਦਾ ਜੀਵਨ ਤਬਾਹ ਹੋ ਕੇ ਰਹਿ ਜਾਂਦਾ ਹੈ। ਜੇ ਤੁਹਾਡੇ ਕਾਲਜ ਵਿਚ ਜਾਂ ਜਿਥੇ ਤੁਸੀਂ ਕੰਮ ਕਰਦੇ ਹੋ, ਕੋਈ ਅਜਿਹਾ ਨੌਜੁਆਨ ਹੈ ਜਿਸ ਕੋਲ ਰੋਜ਼ੀ ਕਮਾਉਣ ਜਾਂ ਪੜ੍ਹਾਈ ਜਾਰੀ ਰਖਣ ਦਾ ਕੋਈ ਸਾਧਨ ਨਹੀਂ ਤਾਂ ਉਸ ਦੀ ਸਹਾਇਤਾ ਕਰੋ। ਆਪ ਦੀ ਥੋੜੀ ਜਿਹੀ ਸਹਾਇਤਾ ਨਾਲ ਉਸ ਦਾ ਜੀਵਨ ਬਦਲ ਸਕਦਾ ਹੈ।

ਫ਼ਰੀਦ ਜੀ ਕਹਿੰਦੇ ਹਨ ਕਿ ਦੁਨੀਆ ਨੇ ਬਹੁਤ ਕੁਝ ਬਾਹਰੋਂ ਸੰਵਾਰਿਆ ਹੈ, ਸਰੀਰ ਸੰਵਾਰਿਆ ਹੈ, ਕਪੜੇ ਸੰਵਾਰੇ ਹਨ, ਘਰ ਸੰਵਾਰਿਆ ਹੈ, ਪਰ ਆਪਣਾ ਅੰਦਰਲਾ ਮਨ ਨਹੀਂ ਸੰਵਾਰਿਆ। ਜਿਸ ਦਿਨ ਉਹ ਆਪਣਾ ਅੰਦਰਲਾ ਸੰਵਾਰੇਗਾ, ਰੱਬ ਕਹਿੰਦਾ ਹੈ, ਉਸ ਦਿਨ ਉਹ ਮਨੁਖ ਮੈਨੂੰ ਮਿਲ ਪਵੇਗਾ—

ਆਪੁ ਸਵਾਰਹਿ ਮੈ ਮਿਲਹਿ, ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭੁ ਜਗੁ ਤੇਰਾ ਹੋਇ ॥੯੫॥ [ਸਲੋਕ ਫਰੀਦ ਜੀ,ਪੰਨਾ ੧੩੮੨

ਸੋ ਨੌਜੁਆਨੋ! ਪਹਿਲਾਂ ਆਪਣਾ ਆਪ ਪਛਾਣੋ ਤੇ ਨੇਕੀ ਦੇ ਰਾਹ ਤੇ ਚਲਣ ਦਾ ਦ੍ਰਿੜ੍ਹ ਇਰਾਦਾ ਕਰੋ। ਦੁਨੀਆ ਵਿਚ ਇਸ ਵੇਲੇ ਅਮਨ ਤੇ ਇਖ਼ਲਾਕ ਦੀ ਬਹੁਤ ਲੋੜ ਹੈ। ਇਸ ਘਾਟ ਨੂੰ ਆਪਣੀ ਹਿੰਮਤ ਤੇ ਇਰਾਦੇ ਨਾਲ ਪੂਰਾ ਕਰ ਸਕਦੇ ਹੋ।

ਆਓ, ਇਕ ਦੁਨੀਆ ਬਣਾਈਏ, ਜਿਥੇ ਸਾਂਝੀਵਾਲਤਾ ਹੋਵੇ। ਜਿਥੇ ਖੁਦੀ, ਬਖੀਲੀ, ਤਕੱਬਰੀ ਤੇ ਝੂਠ ਦੀ ਥਾਂ ਨਾ ਹੋਵੇ, ਵੈਰ ਵਿਰੋਧ ਨਾ ਦਿਸੇ, ਜਿਥੇ ਕੋਈ ਕਿਸੇ ਦਾ ਹੱਕ ਨਾ ਖੋਹੇ, ਹਕੂਮਤ ਕਿਸੇ ਨਾਲ ਧੋਖਾ ਨਾ ਕਰੇ, ਐਸਾ ਸਵੱਰਗ ਧਰਤੀ ਤੇ ਹੀ ਬਣਾਇਆ ਜਾਵੇ। ਹਰ ਮਨੁਖ ਹਰ ਮਨੁਖ ਨੂੰ ਆਪਣੇ ਵਰਗਾ ਸਮਝੇ, ਏਕਤਾ ਨੂੰ ਆਪਣਾ ਧਰਮ ਸਮਝੇ।

ਸਿਖ ਮਜ਼ਹਬ ਬੁੱਤ-ਪੂਜਾ ਦੇ ਵਿਰੁਧ ਹੈ, ਪਰ ਮਨੁਖ ਸਾਰਾ ਦਿਨ ਕੀ ਕਰਦਾ ਹੈ? ਆਪਣੇ ਜਿਸਮ ਨੂੰ ਬਣਾਉਣਾ, ਸਵਾਰਨਾ ਤੇ ਪਾਲਣਾ-ਪੋਸਣਾ ਬੁੱਤ-ਪ੍ਰਸਤੀ ਹੈ। ਅਸੀਂ ਇਸ ਪਾਸੇ ਤੋਂ ਬਿਲਕੁਲ ਗ਼ਾਫ਼ਲ ਹਾਂ। ਸਿਰਫ ਘਰ ਦੀ ਸਫ਼ਾਈ ਦਾ ਕੀ ਫ਼ਾਇਦਾ ਜੇ ਉਸ ਵਿਚ ਰਹਿਣ ਵਾਲੇ ਨੂੰ ਖੁਰਾਕ ਤੇ ਪਾਣੀ ਨਹੀਂ ਦੇਣਾ, ਤੇ ਉਹ ਹੈ 'ਨਾਮ'। ਘਰ ਤਾਂ ਛਡ ਜਾਣਾ ਹੈ, ਇਸ ਲਈ ਇਸ ਨੂੰ ਉਤਨੀ ਹੀ ਰੋਟੀ ਦੇਵੋ, ਜਿਤਨਾ ਕੰਮ ਕਰੇ।

---

1. ਪ੍ਰਭੂ ਦਾ ਨਾਮ ਰਤਨ। 2. ਖੁਸ਼ ਹੁੰਦਾ ਹੈ। 3. ਹੋਂਦ ਵਾਲਾ, ਅਸਥਿਰ। 4. ਪਛਾਣਦਾ, ਸਮਝਦਾ ਹੈ।
5. ਉਦਮ। 6. ਛਡ ਦਿੰਦਾ ਹੈ। 7. ਖੋਤੇ ਦੀ।

www.AKJ.Org

# ਅਖੰਡ ਕੀਰਤਨੀ ਜਥਾ ਚੰਡੀਗੜ੍ਹ ਵਲੋਂ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸੰਬੰਧੀ ਫ਼ੈਸਲਾ

**ਸੰਪਾਦਕੀ ਨੋਟ :**–ਅਖੰਡ ਕੀਰਤਨੀ ਜਥਾ ਚੰਡੀਗੜ੍ਹ-ਸਰਕਲ ਵਲੋਂ ਆਪਣੇ ਇਲਾਕੇ ਵਿਚ ਲਾਗੂ ਕੀਤਾ ਗਿਆ ਹੇਠ ਲਿਖਿਆ ਫ਼ੈਸਲਾ, ਦੇਸਾਂ ਪਰਦੇਸਾਂ ਵਿਚ ਸਮੂਹ ਅਖੰਡ ਕੀਰਤਨੀ ਜਥਿਆਂ ਲਈ ਇਕ ਸੁਚੱਜੀ ਗੁਰਮਤਿ ਅਨਕੂਲ ਅਤੇ ਅਮਲ ਕਰਨ ਯੋਗ ਅਗਵਾਈ ਹੈ।

ਦਾਸਰਾ ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

ਸਾਡੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਦਾ ਲਈ ਸੱਚੇ ਤੇ ਪੂਰੇ ਗੁਰੂ, ਸ੍ਰੀ ਗੁਰਦੇਵ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਸ੍ਰੀ ਦਸਮੇਸ਼ ਪਿਤਾ ਜੀ ਨੇ ਸ੍ਰੀ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜੀਦਾਰ (ਗੁਰਬਾਣੀ ਦੇ ਜੁੜਵੇਂ ਅੱਖਰਾਂ ਵਾਲੇ) ਸਰੂਪ ਨੂੰ ਹੀ ਗੁਰੂ ਗੱਦੀ ਤੇ ਬਿਰਾਜਮਾਨ ਕੀਤਾ। ਪਰੰਤੂ ਅੱਜ ਕਲ੍ਹ ਗੁਰਬਾਣੀ ਦੇ ਲੜੀਦਾਰ (ਜੁੜਵੇਂ) ਪਦਾਂ ਨੂੰ ਵਖਰੇ-ਵਖਰੇ ਕਰਕੇ ਆਪਣੇ ਮਨ ਦੀ ਮਤ ਨਾਲ ਹੀ ਕਈ ਲੋਕਾਂ ਤੇ ਸੰਸਥਾਵਾਂ ਨੇ ਪਦਛੇਦ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਛਾਪ ਦਿਤੇ ਹਨ।

ਭੂਤ, ਭਵਿਖ, ਸਰਬ-ਕਾਲ ਤੇ ਸਰਬ-ਕਲਾ ਕੇ ਗਿਆਤਾ, ਸਮਰੱਥ ਤੇ ਸਰਬੱਗ ਸਤਿਗੁਰੂ ਸ੍ਰੀ ਦਸਮੇਸ਼ ਜੀ ਨੂੰ ਜੇ ਭਾਉਂਦਾ ਤਾਂ ਓਹ ਪਹਿਲਾਂ ਹੀ ਪਦਛੇਦ ਸਰੂਪ ਰਚ ਕੇ, ਉਸ ਸਰੂਪ ਨੂੰ ਹੀ ਗੁਰੂ-ਗੱਦੀ ਤੇ ਬਿਰਾਜਮਾਨ ਕਰਦੇ, ਤਾਕਿ ਅੱਜ ਕਲ੍ਹ ਦੇ ਗੁਰਸਿੱਖਾਂ ਨੂੰ ਪਾਠ ਕਰਨ ਵਿਚ ਮੁਸ਼ਕਲ ਨਾ ਆਉਂਦੀ। ਪਰੰਤੂ ਸਤਿਗੁਰੂ ਜੀ ਨੇ ਐਸਾ ਨਹੀਂ ਕੀਤਾ। ਸੋ ਸਤਿਗੁਰੂ ਜੀ ਦੇ ਰਚੇ ਤੇ ਅਸਥਾਪਨ ਕੀਤੇ ਸਰੂਪ ਨੂੰ ਉਸੇ ਰੂਪ ਵਿਚ ਹੀ ਸਵੀਕਾਰ ਕਰਨਾ ਚਾਹੀਦਾ ਹੈ। (ਸ੍ਰੀ ਗੁਰੂ ਜੀ ਦੇ ਪਦਛੇਦ ਸਰੂਪ ਨੂੰ ਛਾਪਣਾ ਤੇ ਪ੍ਰਕਾਸ਼ ਕਰਨਾ, ਕਿਵੇਂ ਮਨਮਤ ਹੈ, ਇਸ ਬਾਰੇ 'ਸੂਰਾ' ਮਾਸਕ ਪੱਤਰ ਦੇ ਜਨਵਰੀ ੧੯੭੬, ਸਤੰਬਰ ੧੯੭੬, ਜਨਵਰੀ ੧੯੮੧ ਅਤੇ ਜਨਵਰੀ ੧੯੮੩ ਦੇ ਅੰਕਾਂ ਵਿਚ ਛਪੇ ਲੇਖ ਕ੍ਰਮਵਾਰ ਪੰਨਾ ੮ ਤੋਂ ੧੩, ਪੰਨਾ ੨੦ ਤੋਂ ੨੭, ਪੰਨਾ ੨੧ ਤੋਂ ੨੪ ਅਤੇ ਪੰਨਾ ੧੮ ਤੋਂ ੧੯ ਤਕ ਪੜ੍ਹਨ ਯੋਗ ਹਨ)।

ਅਖੰਡ ਕੀਰਤਨੀ ਜੱਥੇ ਵਲੋਂ ਜਦੋਂ ਕੋਈ ਅੰਮ੍ਰਿਤ-ਸਿੰਚਾਰ ਸਮਾਗਮ ਹੁੰਦਾ ਹੈ ਤਾਂ ਨਵੇਂ ਅੰਮ੍ਰਿਤ-ਧਾਰੀਆਂ ਨੂੰ ਗੁਰੂ ਘਰ ਦੀ ਰਹਿਤ ਮਰਯਾਦਾ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦੇ ਹੋਏ ਪੰਜਾਂ ਪਿਆਰਿਆਂ ਵਲੋਂ ਇਕ ਖ਼ਾਸ ਹੁਕਮ ਇਹ ਵੀ ਹੁੰਦਾ ਹੈ ਕਿ "ਜਿਥੇ ਵੀ ਤੁਹਾਡਾ ਆਪਣਾ ਪ੍ਰਬੰਧ ਹੋਵੇ, (ਕੋਈ ਅਖੰਡਪਾਠ, ਕੀਰਤਨ ਅਥਵਾ ਕੋਈ ਗੁਰਮਤਿ ਸੰਸਕਾਰ ਆਦਿਕ ਕਰਨਾ ਹੋਵੇ) ਉਥੇ ਸ੍ਰੀ ਗੁਰਦੇਵ ਜੀ ਦੇ ਕੇਵਲ ਲੜੀਦਾਰ ਸਰੂਪ ਦਾ ਹੀ ਪ੍ਰਕਾਸ਼ ਕੀਤਾ ਜਾਵੇ।"

ਪੰਥ ਵਿਚ ਇਹ ਗੱਲ ਸਰਬ ਵਿਦਤ ਹੀ ਹੈ ਕਿ, ਖਾਲਸਾ ਪੰਥ ਦਾ ਇਹ ਪ੍ਰਸਿੱਧ ਜੱਥਾ, ਸਤਿਗੁਰੂ ਜੀ ਦੀ ਦ੍ਰਿੜ੍ਹਾਈ ਰਹਿਤ ਮਰਯਾਦਾ ਦਾ ਵਧ ਤੋਂ ਵਧ ਧਾਰਨੀ ਹੈ, ਅਤੇ ਇਸ ਵਿਚ ਢਿਲਿਆਈ ਨੂੰ ਪਸੰਦ ਨਹੀਂ ਕਰਦਾ। ਹੁਣੇ ਹੀ ਬੀਤੇ ਅਗਸਤ ਦੇ ਮਹੀਨੇ ਅਖੰਡ ਕੀਰਤਨੀ ਜੱਥਿਆਂ ਵਲੋਂ ਚੰਡੀਗੜ੍ਹ ਵਿਖੇ ਸ੍ਰੀ ਗੁਰਦੇਵ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਤਸ਼ਵ (ਗੁਰਪੁਰਬ) ਅਖੰਡ ਕੀਰਤਨ ਸਮਾਗਮ ਕਰਕੇ ਮਨਾਇਆ ਗਇਆ ਹੈ। ਸਤਿਗੁਰੂ ਜੀ ਦਾ ਸਤਿਕਾਰ ਤੇ ਸਤਿਗੁਰੂ ਜੀ ਦੀ ਦ੍ਰਿੜ੍ਹਾਈ ਰਹਿਤ ਮਰਯਾਦਾ ਨੂੰ ਉਸੇ ਸਰੂਪ ਵਿਚ ਕਾਇਮ ਰਖਣ ਲਈ ਤੇ ਪੰਜਾਂ ਪਿਆਰਿਆਂ ਦੇ ਹੁਕਮ ਨੂੰ ਮੁਖ ਰਖਦੇ ਹੋਏ, ਉਸ ਹੁਕਮ ਨੂੰ ਅਮਲ ਵਿਚ ਲਿਆਉਣ ਲਈ ਅਖੰਡ ਕੀਰਤਨੀ ਜੱਥਾ ਚੰਡੀਗੜ੍ਹ ਵਲੋਂ ਇਹ ਫ਼ੈਸਲਾ ਕੀਤਾ ਗਇਆ ਹੈ ਕਿ ਅਖੰਡ ਕੀਰਤਨੀ ਜੱਥੇ ਦੇ ਮੈਂਬਰ, ਜਿਨ੍ਹਾਂ ਸਿੰਘਾਂ ਦੇ ਘਰਾਂ ਵਿਚ ਸ੍ਰੀ ਗੁਰੂ ਜੀ ਦੇ ਪਦਛੇਦ ਸਰੂਪ ਦਾ ਪ੍ਰਕਾਸ਼ ਹੋਵੇ, ਉਨ੍ਹਾਂ ਦੇ ਘਰ ਜੱਥੇ ਦੇ ਮੈਂਬਰਾਂ ਵਲੋਂ ਕੀਰਤਨ ਪਾਠ ਆਦਿਕ (ਕੋਈ ਪ੍ਰੋਗਰਾਮ) ਨਹੀਂ ਕੀਤਾ ਜਾਵੇਗਾ। ਜਦ ਤਕ ਕਿ ਉਹ



www.AKJ.Org

ਆਪਣੇ ਘਰ ਸਤਿਗੁਰੂ ਜੀ ਦਾ ਲੜੀਦਾਰ ਸਰੂਪ ਲਿਆ ਕੇ (ਸਦਾ ਲਈ) ਪ੍ਰਕਾਸ਼ ਨਹੀਂ ਕਰ ਲੈਂਦੇ, ਉਦੋਂ ਤਕ ਉਨ੍ਹਾਂ ਦੇ ਘਰ ਕੋਈ ਪ੍ਰੋਗਰਾਮ ਨਹੀਂ ਰਖਿਆ ਜਾਵੇਗਾ।

ਅਖੰਡ ਕੀਰਤਨੀ ਜੱਥਾ ਚੰਡੀਗੜ੍ਹ ਵਲੋਂ ਚੰਡੀਗੜ੍ਹ ਸ਼ਹਿਰ ਤੋਂ ਬਾਹਰਲੇ ਹੋਰ ਸਮੂੰਹ ਨਗਰਾਂ ਪਿੰਡਾਂ ਦੇ ਅਖੰਡ-ਕੀਰਤਨੀ ਜੱਥਿਆਂ ਨੂੰ ਇਹ ਸਨਿਮਰ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੀ ਉਪਰੋਕਤ ਫ਼ੈਸਲੇ ਵਿਚ ਚੰਡੀਗੜ੍ਹ ਦੇ ਅਖੰਡ ਕੀਰਤਨੀ ਜੱਥੇ ਨੂੰ ਪੂਰਾ ਸਹਿਯੋਗ ਦੇਣ (ਭਾਵ, ਜਿਨ੍ਹਾਂ ਦੇ ਘਰ ਪਦਛੇਦ ਸਰੂਪ ਦਾ ਪ੍ਰਕਾਸ਼ ਹੁੰਦਾ ਹੈ, ਉਨ੍ਹਾਂ ਮੈਂਬਰਾਂ ਦੇ ਘਰ ਆ ਕੇ ਕੀਰਤਨ ਪਾਠ ਦੀ ਸੇਵਾ ਨਾ ਕਰਨ), ਅਤੇ ਆਪਣੇ-ਆਪਣੇ ਨਗਰਾਂ ਪਿੰਡਾਂ ਵਿਚ ਵੀ ਐਸਾ ਹੀ ਫੈਸਲਾ ਕਰ ਕੇ, ਪੰਜਾਂ ਪਿਆਰਿਆਂ ਦੇ ਹੁਕਮ ਨੂੰ ਅਮਲ ਵਿਚ ਲਿਆ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

---

# ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ ਗੁਰਪੁਰੀ ਸਿਧਾਰ ਗਏ

ਨਾਮ ਬਾਣੀ ਦੇ ਰਸੀਏ, ਸੇਵਾ ਦੇ ਪੁੰਜ, ਮਹਾਨ ਤਪੱਸਵੀ, ਪੰਥ ਦੇ ਹੀਰੇ ਬਾਬਾ ਹਰਨਾਮ ਸਿੰਘ ਜੀ ੪-੧-੮੩ ਨੂੰ ਅਕਾਲ ਪੁਰਖ ਦੀ ਅਜ਼ਲੀ ਰਜ਼ਾ ਅਨੁਸਾਰ ਸਰੀਰਕ ਚੋਲਾ ਛਡ ਕੇ ਗੁਰੂ ਦੀ ਗੋਦ ਵਿਚ ਜਾ ਬਿਰਾਜੇ ਹਨ। ਨਿਜੀ ਤੌਰ ਤੇ ਆਤਮ-ਪ੍ਰਗਾਸ ਦੀ ਅਵਸਥਾ ਪ੍ਰਾਪਤ ਕਰਨ ਉਪਰੰਤ ਆਪ ਜੀ ਨੇ ਹੁਸ਼ਿਆਰਪੁਰ ਦੇ ਪਛੜੇ ਇਲਾਕੇ ਵਿਚ ਇਕ ਡਰਾਉਣੇ ਥੇਹ ਤੇ ਆ ਡੇਰੇ ਲਾਏ, ਅਤੇ ਉਸ ਥੇਹ-ਅਸਥਾਨ ਨੂੰ ਨਾਮ ਬਾਣੀ ਦੇ ਨਿਰੰਤਰ ਪ੍ਰਵਾਰ ਸਦਕਾ 'ਰਾਮਪੁਰ ਖੇੜਾ' ਬਣਾ ਦਿਤਾ। ਹਜ਼ਾਰਾਂ ਪ੍ਰਾਣੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ।

ਆਤਮ-ਵਿਗਾਸ ਲਈ ਆਪ ਜੀ ਹਰ ਸਾਲ ਰਾਮਪੁਰ ਖੇੜੇ "ਗੁਰਮਤਿ ਨਾਮ ਅਭਿਆਸ ਕਮਾਈ ਸਮਾਗਮ" ਰਚਦੇ ਰਹੇ, ਜਿਸ ਵਿਚ ਦੂਰੋਂ ਦੂਰੋਂ ਗੁਰਸਿਖਾਂ ਨੂੰ ਉਚੇਚੇ ਸੱਦਾ-ਪੱਤਰ ਭੇਜ ਕੇ ਨਾਮ ਦੇ ਲਾਹੇ ਪ੍ਰਾਪਤ ਕਰਨ ਦਾ ਨਿਰਮਲ ਪੁਰਸ਼ਾਰਥ ਕਰਦੇ ਰਹੇ।

ਆਪ ਜੀ ਜਿਥੇ ਨਾਮ ਦੀ ਅਤੁੱਟ ਕਮਾਈ ਦੇ ਧਨੀ ਸਨ ਉਥੇ ਖਾਲਸਾ ਰਹਿਤ ਵਿਚ ਤਿਆਰ-ਬਰ-ਤਿਆਰ, ਕਲਗੀਆਂ ਵਾਲੇ ਸਤਿਗੁਰੂ ਦੇ ਦੂਲੇ ਸੰਤ-ਸਿਪਾਹੀ ਸਨ। ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਪੂਰਨ ਸ਼ਰਧਾ, ਵਿਸ਼ਵਾਸ ਅੰਤੇ ਭੈ-ਭਾਵਨੀ ਰਖਦੇ ਸਨ। ਹਰ ਕਾਰਜ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈਂਦੇ ਅਤੇ ਅਰਦਾਸ ਕਰ ਕੇ ਹੁਕਮ ਲੈਂਦੇ ਅਤੇ ਫਿਰ ਜਿਵੇਂ ਅਗਵਾਈ ਮਿਲਦੀ ਓਵੇਂ ਹੀ ਹੁਕਮੀ ਕਾਰ ਕਰਦੇ। ਆਪ ਜੀ ਗੁਰਸਿਖਾਂ ਦਾ ਪੂਰਨ ਸਤਿਕਾਰ ਕਰਦੇ। ਗੁਰੂ ਕੇ ਲੰਗਰ ਵਿਚ ਕਈ ਵੇਰ ਆਪ ਲੰਗਰ ਵਰਤਾਉਣ ਦੀ ਸੇਵਾ ਕਰਦੇ ਅਤੇ ਸੰਗਤਾਂ ਦੇ ਨਾਲ ਪੰਗਤ ਵਿਚ ਬੈਠ ਕੇ ਪਰਸ਼ਾਦ ਛਕਦੇ। ਆਪ ਜੀ ਗੁਰੂ-ਡੰਮ ਦੇ ਬਹੁਤ ਬਰਖ਼ਿਲਾਫ਼ ਸਨ। ਜੋ ਪ੍ਰਾਣੀ ਵੀ ਆਪ ਜੀ ਪਾਸ ਪੁਜਦੇ, ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਂਦੇ ਅਤੇ ਰਹਿਤ ਬਹਿਤ ਧਾਰਨ ਕਰ ਕੇ ਅੰਮ੍ਰਿਤ ਛਕਣ ਲਈ ਉਤਸ਼ਾਹਤ ਕਰ ਦਿੰਦੇ।

ਪੰਥ ਦੀ ਚੜ੍ਹਦੀ ਕਲਾ ਲਈ ਸੰਘਰਸ਼ ਕਰਦੇ ਹੋਏ ਪੰਥਕ ਆਗੂਆਂ ਵਲੋਂ ਜਦੋਂ ਵੰਗਾਰ ਪਈ ਤਾਂ ਆਪ ਜੀ ਬਿਰਧ ਅਵਸਥਾ ਦੇ ਬਾਵਜੂਦ ਧਰਮ-ਯੁਧ ਵਿਚ ਕੁੱਦ ਪਏ ਅਤੇ ਤਨ, ਮਨ, ਧਨ ਰਾਹੀਂ ਗੁਰੂ-ਪੰਥ ਦੀ ਸੇਵਾ ਕਰ ਕੇ ਸੁਰਖ਼ਰੂ ਹੋਏ। ਜੇਲ੍ਹ-ਯਾਤਰਾ ਸਮੇਂ ਅਤਿ ਕਠਨਾਈਆਂ ਦੇ ਵਾਤਾਵਰਣ ਵਿਚ ਵੀ ਆਪ ਜੀ ਵਲੋਂ ਗੁਰਮਤਿ ਪਰਚਾਰ ਬਦਸਤੂਰ ਜਾਰੀ ਰਿਹਾ ਅਤੇ ਜੇਲ੍ਹ ਵਿਚ ਵੀ ਸੈਂਕੜੇ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ।

ਜੇਲ੍ਹ-ਯਾਤਰਾ ਦੀਆਂ ਬਿਖਮ ਕਠਨਾਈਆਂ ਦੇ ਕਾਰਨ ਆਪ ਜੀ ਦੀ ਸਿਹਤ ਵਿਗੜ ਗਈ, ਜੋ ਬਦਸਤੂਰ ਇਲਾਜ ਕਰਵਾਉਣ ਦੇ ਬਾਵਜੂਦ ਗੁਰੂ ਭਾਣੇ ਵਿਚ ਠੀਕ ਨਾ ਹੋ ਸਕੀ ਅਤੇ ਆਪ ਜੀ ੯੨ ਸਾਲਾਂ ਦੀ ਜੀਵਨ-ਯਾਤਰਾ ਕਰਦੇ ੪ ਜਨਵਰੀ ੧੯੮੩ ਨੂੰ ਸਤਿਗੁਰਾਂ ਨੂੰ ਪਿਆਰੇ ਹੋ ਗਏ।



www.AKJ.Org

# *ਸਿਖਾਂ ਦੀ ਮੰਗ ਖ਼ਾਲਿਸਤਾਨ ਨਹੀਂ, ਪਰ*

# ਸਿਖ ਵਖਰੀ ਕੌਮ ਜ਼ਰੂਰ ਹੈ

[ਸ: ਹਰਦਿਤ ਸਿੰਘ ਜੀ, ਮੀਤ ਪ੍ਰਧਾਨ, ਗੁ: ਸਤਿਸੰਗ, ਮੇਰਠ ਛਾ:]

ਹਿੰਦੁਸਤਾਨ ਵਿਚ ਰਹਿ ਰਹੇ ਮੁਸਲਮਾਨ ਆਪਣੇ ਆਪ ਨੂੰ ਹਿੰਦੁਸਤਾਨੀ ਕਹਿੰਦੇ ਹਨ। ਪਾਕਿਸਤਾਨ ਬਣਨ ਤੋਂ ਪਹਿਲਾਂ ਭੀ ਓਹ ਸਾਰੇ ਹਿੰਦੁਸਤਾਨੀ ਸਨ, ਤੇ ਹਿੰਦੁਸਤਾਨੀ ਹੀ ਰਹਿੰਦੇ, ਜੇਕਰ ਹਿੰਦੂ ਲੀਡਰ ਉਨ੍ਹਾਂ ਨੂੰ ਆਬਾਦੀ ਤੋਂ ਕੁਝ ਜ਼ਿਆਦਾ ਸੀਟਾਂ ਤੇ ਅਹੁਦੇ ਦੇਣਾ ਪ੍ਰਵਾਨ ਕਰ ਲੈਂਦੇ। ਪ੍ਰੰਤੂ ਤੰਗ-ਦਿਲ ਕਾਂਗਰਸੀਆਂ ਨੇ ਵਧੇਰੇ ਹਕੂਕ ਦੇਣ ਦੀ ਥਾਂ ਵੰਡ-ਵੰਡਾਈ ਨੂੰ ਚੰਗਾ ਸਮਝਿਆ।

ਓਹ ਹੀ ਗ਼ਲਤੀ ਸਾਡੇ ਕਾਂਗ੍ਰਸ ਦੇ ਤੰਗ ਦਿਲ ਨੇਤਾ ਦੁਹਰਾ ਰਹੇ ਹਨ। "ਜੱਟ ਗੰਨਾ ਨ ਦੇ, ਭੇਲੀ ਦੇ" ਅਖਾਣ ਵਾਂਗੂ ਸਿਖਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਨਹੀਂ ਕਰਨੀਆਂ, ਅੰਤ ਨੂੰ ਭਾਵੇਂ ਖਾਲਿਸਤਾਨ ਦੇਣਾ ਪਵੇ, ਜੋ ਕਿ ਸਿਖ ਕਦਾਚਿਤ ਨਹੀਂ ਚਾਹੁੰਦੇ। ਚੌਧਰੀ ਚਰਨ ਸਿੰਘ ਦਾ ਬਿਆਨ ਹੈ ਕਿ ਜੇਕਰ ਸਿਖਾਂ ਦੀਆਂ ਮੰਗਾਂ ਮੰਨ ਲਈਆਂ ਜਾਣ, ਤਾਂ ਹਿੰਦੁਸਤਾਨ ਵਿਚੋਂ ਸਾਰੇ ਸਿਖਾਂ ਨੂੰ ਪੰਜਾਬ ਜਾਣਾ ਪਵੇਗਾ ਤੇ ਨੌਕਰੀਆਂ ਭੀ ਛਡਣੀਆਂ ਪੈਣਗੀਆਂ। ਇਹ ਵਿਚਾਰ ਕੇਵਲ ਚੌਧਰੀ ਚਰਨ ਸਿੰਘ ਦੇ ਹੀ ਨਹੀਂ, ਸਗੋਂ ਸਾਰੇ ਫ਼ਿਰਕਾ-ਪ੍ਰਸਤ ਹਿੰਦੂਆਂ ਦੇ ਹਨ, ਜੋ ਭਾਰਤ ਨੂੰ ਆਪਣੀ ਮਲਕੀਅਤ ਸਮਝਦੇ ਹਨ। ਇਨ੍ਹਾਂ ਤੋਂ ਪੁਛਿਆ ਜਾਏ ਕਿ ਸਿਖ ਤਾਂ ਖਾਲਿਸਤਾਨ ਨਹੀਂ ਮੰਗਦੇ, ਹਿੰਦੁਸਤਾਨ ਦੇ ਅੰਦਰ ਰਹਿ ਕੇ ਸੂਬਜਾਤੀ ਹਕੂਕ ਜ਼ਿਆਦਾ ਮੰਗਦੇ ਹਨ। ਪਾਕਿਸਤਾਨ ਤੁਸਾਂ ਨੇ ਮੰਨਿਆ ਤਾਂ ਇਹ ਸ਼ਰਤ ਕਿਉਂ ਨਹੀਂ ਲਗਾਈ ਕਿ ਸਾਰੇ ਮੁਸਲਮਾਨਾਂ ਨੂੰ ਪਾਕਿਸਤਾਨ ਜਾਣਾ ਪਵੇਗਾ।

ਕੋਈ ਭੀ ਸੂਝ ਬੂਝ ਵਾਲਾ ਸਿਖ ਹਿੰਦੁਸਤਾਨ ਤੋਂ ਅਡਰਾ ਨਹੀਂ ਹੋਣਾ ਚਾਹੁੰਦਾ, ਪਰੰਤੂ "ਤੰਗ ਆਮਦ ਬਜੰਗ ਆਮਦ" ਵਾਲੀ ਗੱਲ ਹੈ। ਆਜ਼ਾਦੀ ਦੇ ਪੈਂਤੀ ਸਾਲਾਂ ਵਿਚ ਸਿਖਾਂ ਨਾਲ ਜੋ ਅਨਿਆਏ ਤੇ ਧਕੇ ਹੋਏ ਹਨ, ਓਹ ਹੁਣ ਬਰਦਾਸ਼ਤ ਤੋਂ ਬਾਹਰ ਹੋ ਗਏ ਹਨ। ਸਿਖਾਂ ਨਾਲ ਜਰਾਇਮ-ਪੇਸ਼ਾ ਤੇ ਦੂਸਰੇ ਦਰਜੇ ਦੇ ਸ਼ਹਿਰੀਆਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਪੈਪਸੂ ਬਣਨ ਸਮੇਂ ਪਟੇਲ ਨੇ ਕਿਹਾ ਸੀ ਕਿ ਹਿੰਦੁਸਤਾਨ ਵਿਚ ਇਹ ਇਕ ਐਸਾ ਖ਼ਿਤਾ ਬਣ ਗਿਆ ਹੈ, ਜਿਸਨੂੰ ਸਿਖ ਆਪਣਾ ਹੋਮਲੈਂਡ ਕਹਿ ਸਕਣਗੇ, ਜੋ ਕਿ ਹਿੰਦੁਸਤਾਨ ਦਾ ਹੀ ਅੰਗ ਹੋਵੇਗਾ। ਪ੍ਰੰਤੂ ਥੋੜੇ ਸਮੇਂ ਮਗਰੋਂ ਹੀ ਪੈਪਸੂ ਨੂੰ ਖ਼ਤਮ ਕਰ ਦਿਤਾ ਤੇ ਮਹਾਰਾਜਾ ਪਟਿਆਲਾ ਨੂੰ ਰਾਜ ਪ੍ਰਮੁਖ ਦੀ ਪਦਵੀ ਤੋਂ ਹਟਾ ਦਿਤਾ।

ਪੰਜਾਬੀ ਸੂਬਾ ਭੀ ਕਾਂਗ੍ਰਸ ਸਰਕਾਰ ਨਹੀਂ ਬਣਾਉਣਾ ਚਾਹੁੰਦੀ ਸੀ। ਇਸ ਨੂੰ ਪ੍ਰਾਪਤ ਕਰਨ ਲਈ ਸਿਖ ਕੌਮ ਨੂੰ ਭਾਰੀ ਕੁਰਬਾਨੀਆਂ ਦੇਣੀਆਂ ਪਈਆਂ। ਹੋਮ ਮਨਿਸਟਰ ਪੰਡਤ ਪੰਤ ਨੇ ਦਿਲੀ ਵਿਚ ਪੁਰ-ਅਮਨ ਸਿਖਾਂ ਤੇ ਜੋ ਜ਼ੁਲਮ ਢਾਹੇ, ਓਹ ਸਿਖ ਕੌਮ ਕਦੇ ਭੁਲ ਨਹੀਂ ਸਕਦੀ।

ਪੰਜਾਬੀ ਸੂਬਾ ਬਣਾਉਣ ਸਮੇਂ, ਸ੍ਰੀ ਗੁਲਜ਼ਾਰੀ ਲਾਲ ਨੰਦਾ ਨੇ ਤਹਿਸੀਲ ਨੂੰ ਯੂਨਿਟ ਬਣਾ ਕੇ ਬਹੁਤ ਸਾਰੇ ਪੰਜਾਬੀ ਬੋਲਦੇ ਪਿੰਡ ਹਰਿਆਨਾ ਤੇ ਹਿਮਾਚਲ ਨੂੰ ਦੇ ਦਿਤੇ। ਕੀ ਇਹ ਸੈਕੂਲਰ ਕਹਿਲਾਣ ਵਾਲੀ ਕਾਂਗ੍ਰਸ ਦੀ ਕਟੜ ਫ਼ਿਰਕਾ-ਪ੍ਰਸਤੀ ਨਹੀਂ ?

ਕਾਂਗ੍ਰਸੀ ਲੀਡਰ ਉਪਰੋਂ ਉਪਰ ਸਿਖਾਂ ਤੇ ਸਿਖ ਗੁਰੂਆਂ ਦੀ ਤਾਰੀਫ਼ ਕਰਦੇ ਹਨ। ਪਰ ਦਿਲੋਂ ਇਹ ਇਹੀ ਚਾਹੁੰਦੇ ਹਨ ਜੋ ਸਿਖਾਂ ਨੂੰ ਕਮਜ਼ੋਰ ਕੀਤਾ ਜਾਵੇ। ਪੰਜਾਬ ਤੋਂ ਬਾਹਰ ਸਿਖਾਂ ਨੇ ਜੋ ਆਪਣਾ ਸਟੇਟਸ ਬਣਾਇਆ ਹੈ, ਓਹ ਆਪਣੀ ਮਿਹਨਤ, ਹਿੰਮਤ ਤੇ ਸਿਆਣਪ ਨਾਲ ਬਣਾਇਆ ਹੈ, ਵਰਨਾ ਕਾਂਗ੍ਰਸ ਸਰਕਾਰਾਂ ਤਾਂ ਸਿਖਾਂ ਨੂੰ ਉਜਾੜ ਕੇ ਰਾਜ਼ੀ ਹਨ, ਜਿਹਾ ਕਿ ਤਰਾਈ ਦੇ ਸਿਖ ਕਿਸਾਨਾਂ ਨੂੰ ਯੂ.ਪੀ. ਸਰਕਾਰ ਉਜਾੜਨਾ ਚਾਹੁੰਦੀ ਹੈ।

ਸਾਡੇ ਹਿੰਦੂ ਵੀਰ ਇਹ ਦੇਖ ਕੇ ਖੁਸ਼ ਹੁੰਦੇ ਹਨ ਜੋ ਪੰਜਾਬ ਦੇ ਸਿਖਾਂ ਵਿਚ ਪਤਿਤਾਈ ਵਧ ਰਹੀ ਹੈ ਤੇ



www.AKJ.Org

'ਸਿਖ' ਸਰੂਪ ਵਿਗਾੜ ਕੇ ਹਿੰਦੂ ਸਰੂਪ ਧਾਰਨ ਕਰ ਰਿਹਾ ਹੈ । ਫ਼ੌਜ ਵਿਚ ਭੀ ਬੁਰਾ ਹਾਲ ਹੈ। ਭਾਰੀ ਗਿਣਤੀ ਵਿਚ ਸਿਖ ਦਾੜ੍ਹੀ-ਕਟੇ ਹਨ। ਫ਼ੌਜੀ ਅਫ਼ਸਰਾਂ ਦੀਆਂ ਇਸਤ੍ਰੀਆਂ ਵਾਲ ਕਟਾਉਂਦੀਆਂ ਹਨ ਤੇ ਬੱਚੇ ਮੋਨੇ ਹਨ। ਮਿਲਟਰੀ ਵਿਚ ਅੰਗਰੇਜ਼ਾਂ ਦੇ ਸਮੇਂ ਤੋਂ ਪਤਿਤਾਈ ਨੂੰ ਰੋਕਣ ਲਈ ਸਖਤ ਕਾਨੂੰਨ ਬਣੇ ਹੋਏ ਹਨ, ਜੋ ਹੁਣ ਭੀ ਮੌਜੂਦ ਹਨ। ਪ੍ਰੰਤੂ ਉਨ੍ਹਾਂ ਪਰ ਅਮਲ ਨਹੀਂ ਕੀਤਾ ਜਾਂਦਾ। ਸਿਖਾਂ ਵਲੋਂ ਵੱਡੀ ਮੰਗ ਇਹ ਹੋਣੀ ਚਾਹੀਦੀ ਹੈ ਜੋ ਮਿਲਟਰੀ ਵਿਚ ਸਿਖ ਸਰੂਪ ਨੂੰ ਕਾਇਮ ਰਖਿਆ ਜਾਵੇ, ਜਿਵੇਂ ਅੰਗਰੇਜ਼ਾਂ ਦੇ ਸਮੇਂ ਸੀ। ਸਾਡੇ ਲਈ ਤਾਂ ਬਦੇਸ਼ੀ ਹਕੂਮਤ ਹੀ ਚੰਗੀ ਸੀ, ਜਿਨ੍ਹਾਂ ਨੇ ਸੌ ਸਾਲ ਸਾਡੇ ਸਰੂਪ ਨੂੰ ਵਿਗੜਨ ਨਹੀਂ ਦਿਤਾ।

ਪੰਜਾਬ ਸਿੰਧ ਬੈਂਕ ਦੇ ਚੇਅਰਮੈਨ ਸ: ਇੰਦਰਜੀਤ ਸਿੰਘ ਨੇ ਸਿਖੀ ਸਰੂਪ ਨੂੰ ਕਾਇਮ ਕੀਤਾ, ਪ੍ਰੰਤੂ ਇੰਦਰਾ ਹਕੂਮਤ ਨੇ ਉਸ ਬੈਂਕ ਨੂੰ ਭੀ ਨੈਸ਼ਨਲਾਈਜ਼ ਕਰ ਕੇ ਸਾਡੇ ਨਾਲ ਭਾਰੀ ਧਕਾ ਕੀਤਾ। ਕਹਿੰਦੀ ਹੈ, ਮੇਰੇ ਪਾਸੋਂ ਗਲਤੀ ਹੋ ਗਈ। ਗਲਤੀ ਨੂੰ ਠੀਕ ਕਰਨ ਲਈ ਕਨਵੈਨਸ਼ਨ ਬਣਾਓ ਜੋ ਇਸ ਬੈਂਕ ਦੇ ਚੇਅਰਮੈਨ ਤੇ ਡਾਇਰੈਕਟਰ ਹਮੇਸ਼ਾ ਸਿਖ ਹੀ ਹੋਇਆ ਕਰਨਗੇ। ਇਸ ਦੇ ਨਾਲ ਹੀ ਸਿਖਾਂ ਨੂੰ "ਨਨਕਾਣਾ ਸਾਹਿਬ ਬੈਂਕ" ਬਨਾਉਣ ਲਈ ਲਾਈਸੈਂਸ ਦਿਉ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਤੇ ਇੰਦਰਾ ਤਥਾ ਹੋਰ ਲੀਡਰਾਂ ਦੀ ਗੁਰੂ ਸ਼ਾਹਿਬ ਦੀ ਉਪਮ ਕਰਨੀ ਇਕ ਢੌਂਗ ਹੈ। ਭਾਰਤ ਨੂੰ ਸਤ ਸੌ ਸਾਲਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਹਨ। ਉਨ੍ਹਾਂ ਨੇ ਮੁਰਦਾ ਹੋਈ ਹਿੰਦੂ ਕੌਮ ਨੂੰ ਸਿਖ ਸਰੂਪ ਦੇ ਕੇ ਤੇ ਅੰਮ੍ਰਿਤ ਛਕਾ ਕੇ, ਦੇਸ਼ ਦੀ ਰਖਿਆ ਲਈ ਪੰਥ ਦੀ ਸਾਜਨਾ ਕੀਤੀ, ਪਰ ਸਾਡੀ ਸਰਕਾਰ ਸਿਖਾਂ ਨੂੰ ਪਤਿਤ ਹੁੰਦੇ ਦੇਖ ਕੇ ਖੁਸ਼ ਹੁੰਦੀ ਹੈ। ਇਹ ਦੂਰ-ਅੰਦੇਸ਼ੀ ਨਹੀਂ। ਜੇ ਦੇਸ਼ ਦੇ ਰਾਖੇ ਪਤਿਤ ਹੋ ਗਏ ਤਾਂ ਦੇਸ਼ ਕਮਜ਼ੋਰ ਹੋ ਜਾਏਗਾ।

ਅੰਤ ਵਿਚ ਅਸੀਂ ਇੰਦਰਾ ਗਾਂਧੀ ਪਾਸ ਜ਼ੋਰਦਾਰ ਅੱਖਰਾਂ ਵਿਚ ਅਪੀਲ ਕਰਦੇ ਹਾਂ, ਜੋ ਓਹ ਸਿਖਾਂ ਦੀਆਂ ਜਾਇਜ਼ ਮੰਗਾਂ ਤੇ ਫੁਲ ਚੜ੍ਹਾ ਕੇ ਬਹਾਦਰ ਸਿਖ ਕੌਮ ਨੂੰ, ਜੋ ਹਮੇਸ਼ਾ ਦੇਸ਼ ਦੀ ਆਜ਼ਾਦੀ ਲਈ ਲੜਦੀ ਰਹੀ ਹੈ ਤੇ ਲੜਦੀ ਰਹੇਗੀ, ਸੰਤੁਸ਼ਟ ਕਰੇ। ਨਹੀਂ ਤਾਂ ਇਸ ਦੇ ਨਤੀਜੇ ਚੰਗੇ ਨਹੀਂ ਨਿਕਲਣਗੇ।

ਹਿੰਦੁਸਤਾਨ ਦੇ ਅੰਦਰ ਰਹਿ ਕੇ ਅਸੀਂ ਸੂਬਜਾਤੀ ਖ਼ੁਦ-ਮੁਖਤਿਆਰੀ ਚਾਹੁੰਦੇ ਹਾਂ, ਪ੍ਰਾਵਿਨਸ਼ਲ ਅਟਾਨਮੀ ਮੰਗਦੇ ਹਾਂ, ਭਾਵ ਵਧ ਅਧਿਕਾਰ ਮੰਗਦੇ ਹਾਂ; ਤਾਂ ਜੁ ਪੰਜਾਬ ਪੂਰੀ ਤਰ੍ਹਾਂ ਉਨਤੀ ਕਰ ਸਕੇ। ਇਸ ਦਾ ਭਾਵ ਵਖਵਾਦੀ ਜਾਂ ਫ਼ਿਰਕਾ-ਪ੍ਰਸਤੀ ਨਹੀਂ।

ਗਿਆਰਾਂ ਦਸੰਬਰ ੧੯੮੨ ਦੇ ਅਖਬਾਰਾਂ ਵਿਚ ਹੋਮ ਮਨਿਸਟਰ ਦਾ ਇਹ ਬਿਆਨ ਨਿਕਲਿਆ ਹੈ ਜੋ ਅਕਾਲੀ ਦਲ ਕਸ਼ਮੀਰ ਤੋਂ ਭੀ ਵਧ ਇਖ਼ਤਿਆਰ ਮੰਗਦਾ ਹੈ—ਇਹ ਸਿਖ ਸਟੇਟ ਬਣਾਣਾ ਚਾਹੁੰਦੇ ਹਨ ਜੋ ਬਦੇਸ਼ਾਂ ਨਾਲ ਸਿਧੀ ਗੱਲ-ਬਾਤ ਕਰ ਸਕੇ। ਅਨੰਦਪੁਰ ਸਾਹਿਬ ਦਾ ਮਤਾ ਸਾਰੇ ਅਖਬਾਰਾਂ ਵਿਚ ਛਪਿਆ ਹੈ ਤੇ ਉਸ ਦੀਆਂ ਨਕਲਾਂ ਅੰਗਰੇਜ਼ੀ ਵਿਚ ਇੰਦਰਾ ਗਾਂਧੀ ਤੇ ਹੋਮ ਮਨਿਸਟਰ ਨੂੰ ਭੀ ਭੇਜੀਆਂ ਗਈਆਂ ਹਨ। ਉਸ ਵਿਚ ਵਖਰੀ ਸਿਖ ਸਟੇਟ ਦਾ ਕੋਈ ਜ਼ਿਕਰ ਨਹੀਂ। ਹੋਮ ਮਨਿਸਟਰ ਵਰਗੇ ਜ਼ਿੰਮੇਵਾਰ ਆਦਮੀ ਨੂੰ ਇਹੋ ਜਿਹੀ ਗ਼ਲਤ-ਬਿਆਨੀ ਨਹੀਂ ਕਰਨੀ ਚਾਹੀਦੀ।

---

## ਚਿਟ ਨੰਬਰ ਅਤਿ ਜ਼ਰੂਰੀ

ਪਾਠਕਾਂ ਪਾਸ ਬਾਰ ਬਾਰ ਬੇਨਤੀ ਕੀਤੀ ਜਾਂਦੀ ਹੈ ਕਿ ਚਿਠੀ ਪੱਤਰ ਤੇ ਮਨੀਆਰਡਰ ਭੇਜਣ ਦੇ ਨਾਲ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਅਸੀਂ ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿਟ ਨੰਬਰ ਲਿਖ ਕੇ ਭੇਜਦੇ ਹਾਂ। ਉਥੋਂ ਵੇਖ ਕੇ ਨੋਟ ਕਰੋ ਅਤੇ ਚਿਟ ਨੰਬਰ ਲਿਖ ਕੇ ਭੇਜੋ। ਜਿਨ੍ਹਾਂ ਚਿਠੀਆਂ ਤੇ ਚਿਟ ਨੰਬਰ ਨਹੀਂ ਹੁੰਦਾ, ਉਨ੍ਹਾਂ ਤੇ ਅਮਲ ਕਰਨ ਵਿਚ ਦੇਰੀ ਹੁੰਦੀ ਹੈ।



www.AKJ.Org

# ਕੌਮ ਦੇ ਮੁਹਾਣਿਓ ! ਹੋਸ਼ ਕਰੋ !!

ਸਾਡੇ ਸਾਹਮਣੇ ਇਕ ਵਿਸਕੀ-ਕੰਪਨੀ ਫੈਕਟਰੀ ਮਹਿਤਪੁਰ ਜ਼ਿਲਾ ਊਨਾ (ਐਚ.ਪੀ.) ਦਾ ਇਕ ਕੈਲੰਡਰ ੧੯੯੨ ਦਾ ਲਿਆਂਦਾ ਗਿਆ ਹੈ। ਇਸ ਕੈਲੰਡਰ ਦੇ ਉਪਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਸੰਵਾਰੀ ਸ਼ਿੰਗਾਰੀ ਹੋਈ ਦਿਤੀ ਗਈ ਹੈ ਅਤੇ ਹੇਠਾਂ ੧੯੯੨ ਦੇ ਕੈਲੰਡਰ ਦੇ ਨਾਲ ਕਈ ਤਰ੍ਹਾਂ ਦੀਆਂ ਵਿਸਕੀਆਂ (ਸ਼ਰਾਬ ਦੀਆਂ ਕਿਸਮਾਂ) ਦਾ ਇਸ਼ਤਿਹਾਰ ਦਿਤਾ ਹੋਇਆ ਹੈ।

ਸਤਿਗੁਰੂ ਦਾ ਹੁਕਮੀ ਬੰਦਾ, ਜੋ ਹਿਤੋਂ ਚਿਤੋਂ ਗੁਰੂ ਕੇ ਹੁਕਮਾਂ ਨੂੰ ਸਤਿਕਾਰਦਾ ਤੇ ਅਪਣਾਉਂਦਾ ਹੈ, ਕੀ ਉਹ ਗੁਰੂ ਕਾ ਲਾਲ ਇਸ ਕੈਲੰਡਰ ਨੂੰ ਵੇਖ ਕੇ ਤੜਫ ਨਹੀਂ ਉਠੇਗਾ ? ਇਕ ਪਾਸੇ ਉਹ ਗੁਰੂ ਪਾਤਸ਼ਾਹ ਦੇ ਇਹ ਹੁਕਮ ਸੁਣਦਾ ਹੈ—

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥...॥੧॥੧੬॥ ਸਲੋਕ ਮ: ੩, ਪੰਨਾ ੫੫੪

ਇਸ ਹੁਕਮ ਵਿਚ ਝੂਠਾ ਨਸ਼ਾ ਦੇਣ ਵਾਲੀ ਇਸ ਸ਼ਰਾਬ ਬਾਰੇ ਸਪਸ਼ਟ ਹੈ ਕਿ—

੧. ਇਸ ਦੇ ਪੀਣ ਨਾਲ ਮੱਤ ਮਾਰੀ ਜਾਂਦੀ ਹੈ। ੨. ਮਨੁਖ ਦੇ ਅੰਦਰ ਪਾਗਲਪਣ ਆ ਜਾਂਦਾ ਹੈ।
੩. ਆਪਣੇ ਪਰਾਏ ਦੀ ਹੋਸ਼ ਨਹੀਂ ਰਹਿੰਦੀ। ੪. ਖਸਮ-ਪ੍ਰਭੂ ਦੇ ਦਰ ਤੋਂ ਧਕੇ ਖਾਣੇ ਪੈਂਦੇ ਹਨ।
੫. ਜਿਸ ਦੇ ਪੀਣ ਨਾਲ ਮਾਲਕ-ਪ੍ਰਭੂ ਭੁਲ ਜਾਂਦਾ ਹੈ। ੬. ਦਰਗਾਹ ਵਿਚ ਸਜ਼ਾ ਮਿਲਦੀ ਹੈ।
੭. ਫਿਰ ਇਹੋ ਜਹੀ ਭੈੜੀ ਸ਼ਰਾਬ ਕਦਾਚਿਤ ਨਹੀਂ ਪੀਣੀ ਚਾਹੀਦੀ।

ਇਕ ਪਾਸੇ ਉਪਰਲੇ ਹੁਕਮ ਹਨ, ਦੂਜੇ ਪਾਸੇ ਜਦੋਂ ਇਕ ਗੁਰੂ-ਪਿਆਰਾ ਸਿਖ ਸਤਿਗੁਰਾਂ ਦੀ ਬਣਾਈ ਹੋਈ ਫ਼ੋਟੋ ਦੇ ਹੇਠ ਇਸ ਬਰਬਾਦੀ ਭਰੀ ਸ਼ਰਾਬ ਦਾ ਇਸ਼ਤਿਹਾਰ ਵੇਖਦਾ ਹੈ ਤਾਂ ਉਹ ਝੁੰਜਲਾ ਉਠਦਾ ਹੈ।

ਸਿਖ ਧਰਮ ਦੇ ਦੋਖੀਆਂ ਵਲੋਂ ਇਹ ਬੜਾ ਕੁਹਜਾ ਜਤਨ ਹੈ, ਜੋ ਸਿਖਾਂ ਦੀ ਗ਼ੈਰਤ ਨੂੰ ਚੈਲੰਜ ਹੈ।

ਅਗੇ ਕਈ ਵਾਰ ਪੰਥ ਦੇ ਦੋਖੀਆਂ ਵਲੋਂ ਅਜਿਹੇ ਕਈ ਕੁਹਜੇ ਹਮਲੇ ਕੀਤੇ ਜਾ ਚੁਕੇ ਹਨ। ਕਈ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਵਖ ਵਖ ਥਾਵਾਂ ਤੇ ਬੇਅਦਬੀਆਂ ਕੀਤੀਆਂ ਗਈਆਂ ਹਨ, ਤਮਾਕੂ-ਕੰਪਨੀਆਂ ਵਲੋਂ ਸਤਿਗੁਰਾਂ ਦੇ ਨਾਂ ਹੇਠ ਤਮਾਕੂ ਦਾ ਪਰਚਾਰ ਕੀਤਾ ਗਿਆ ਹੈ। ਪਰ ਅਜ ਤਕ ਸਰਕਾਰ ਨੇ ਇਨ੍ਹਾਂ ਪੰਥ-ਧ੍ਰੋਹੀਆਂ ਬਾਰੇ ਕਦੇ ਕੋਈ ਐਕਸ਼ਨ ਨਹੀਂ ਲਿਆ।

ਕੀ ਸਾਡੀ ਅਣਖ, ਸਾਡੀ ਗ਼ੈਰਤ ਖ਼ਤਮ ਹੋ ਚੁਕੀ ਹੈ ? ਅਤੇ ਇਹ ਸਭ ਕੁਝ ਵੇਖ ਕੇ ਦੜ ਵਟੀ ਰਖਾਂਗੇ ?

ਸ਼੍ਰੋਮਣੀ ਕਮੇਟੀ ਨੇ ਸਭ ਤੋਂ ਪਹਿਲੀ ਮਹਾਨ ਭੁਲ ਤਾਂ ਇਹ ਕੀਤੀ ਕਿ ਗੁਰੂ ਸਾਹਿਬਾਂ ਦੀਆਂ ਤਸਵੀਰਾਂ ਨੂੰ ਬੰਦ ਕਰਾਉਣ ਦੀ ਥਾਂ ਸਗੋਂ ਆਪ ਤਸਵੀਰਾਂ ਛਾਪਣ ਵਿਚ ਭਈਵਾਲ ਬਣ ਗਈ। "ਗੁਰ ਮੂਰਤਿ ਗੁਰ ਸਬਦੁ ਹੈ" ਦੇ ਹੁਕਮ ਅਨੁਸਾਰ 'ਗੁਰੂ ਕਾ ਸ਼ਬਦ' ਹੀ ਗੁਰੂ ਦੀ ਤਸਵੀਰ ਹੈ। ਇਹ ਤਸਵੀਰਾਂ ਮਨਮਤ ਹੈ, ਬੁਤਪ੍ਰਸਤੀ ਹੈ। ਕੌਮ ਦੇ ਮੁਹਾਣਿਆਂ ਵਲੋਂ ਇਸ ਭੁਲ ਦਾ ਅਯੋਗ ਫ਼ਾਇਦਾ ਪੰਥ-ਧ੍ਰੋਹੀ ਉਠਾ ਰਹੇ ਹਨ। ਅਤੇ ਇਨ੍ਹਾਂ ਗੁਰੂ ਕੀਆਂ ਬਣਾਈਆਂ ਤਸਵੀਰਾਂ ਰਾਹੀਂ ਤਮਾਕੂ-ਕੰਪਨੀਆਂ ਤੇ ਸ਼ਰਾਬ-ਕੰਪਨੀਆਂ ਦੇ ਇਸ਼ਤਿਹਾਰ ਛਪ ਰਹੇ ਹਨ। ਇਹ ਗੁਰੂ ਕੀ ਤੌਹੀਨ ਹੈ ਅਤੇ ਪੰਥ ਦੀ ਅਣਖ ਨੂੰ ਮਲੀਆਮੇਟ ਕੀਤਾ ਜਾ ਰਿਹਾ ਹੈ। ਇਸ ਲਈ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ। ਗੁਰੂ ਸਾਹਿਬਾਨ ਦੀ ਬੇਅਦਬੀ ਕਰਨ ਵਾਲਿਆਂ ਲਈ ਐਸੇ ਕਾਨੂੰਨ ਬਣਾਏ ਜਾਣ ਜਿਨ੍ਹਾਂ ਰਾਹੀਂ ਅਜਿਹੇ ਕਰਤੂਤੀਆਂ ਨੂੰ ਮੌਤ ਦੀ ਸਜ਼ਾ ਤਕ ਦਿਤੀ ਜਾ ਸਕੇ। ਕੀ ਕੁਟਿਲਤਾ ਭਰੀ ਇਸ ਸਰਕਾਰ ਤੋਂ ਅਜਿਹੀ ਆਸ ਰਖੀ ਜਾ ਸਕਦੀ ਹੈ ?

'ਸੂਰਾ' ਅੰਮ੍ਰਿਤਸਰ, ਫਰਵਰੀ ੧੯੯੩



www.AKJ.Org

# ਬਾਬਿਆਂ ਨੇ ਆਉਣਾ ਹੈ

ਇਕ ਗੁਰੂ ਪਿਆਰਾ ਆਪਣੇ ਗ੍ਰਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਵੇਸ਼ ਕਰਨ ਤੋਂ ਪਹਿਲਾਂ ਪਰਵਾਰ ਨੂੰ ਕਹਿਣ ਲਗਾ ਕਿ ਸੱਚੇ ਪਾਤਸ਼ਾਹ ਦੀ ਸਵਾਰੀ ਗ੍ਰਹਿ ਵਿਖੇ ਲਿਆਉਣੀ ਹੈ ਤਾਂ ਪਹਿਲਾਂ ਉਨ੍ਹਾਂ ਸਭ ਰਾਹਾਂ ਦੀ ਪੂਰੀ ਤਰ੍ਹਾਂ ਸਫ਼ਾਈ ਕਰ ਲਈਏ, ਜਿਨ੍ਹਾਂ ਰਾਹਾਂ ਤੋਂ ਮਹਾਰਾਜ ਜੀ ਨੂੰ ਲੈ ਕੇ ਆਉਣਾ ਹੈ। ਸੋ ਉਹ ਵੀਰ ਆਪ ਵੀ ਅਤੇ ਪਰਵਾਰ ਦੇ ਜੀਅ ਵੀ ਝਾੜੂ ਲੈ ਕੇ ਗਲੀ ਮਹੱਲਿਆਂ ਨੂੰ ਹੂੰਝਣ ਲਗ ਪਏ। ਆਂਢੀਆਂ ਗੁਆਂਢੀਆਂ ਪੁਛਿਆ ਕਿ ਇਹ ਕਾਹਦੇ ਲਈ ਕਰ ਰਹੇ ਹੋ ? ਤਾਂ ਉਤਰ ਦਿਤਾ ਕਿ ਬਾਬਿਆਂ ਨੇ ਗ੍ਰਹਿ ਵਿਖੇ ਆਉਣਾ ਹੈ, ਇਸ ਕਰਕੇ ਰਸਤੇ ਸਾਫ ਕਰ ਰਹੇ ਹਾਂ।

"ਬਾਬਿਆਂ ਨੇ ਆਉਣਾ ਹੈ" ਸੁਣ ਕੇ ਕਈ ਲੋਕ ਨਾਲ ਲਗ ਪਏ ਅਤੇ ਥੋੜੇ ਸਮੇਂ ਵਿਚ ਕਈ ਗਲੀ ਮਹੱਲੇ ਹੂੰਝੇ ਗਏ ਅਤੇ ਪਾਣੀ ਦੇ ਤ੍ਰੌਂਕਾ ਹੋ ਗਏ। ਇਸ ਤੋਂ ਉਪਰੰਤ ਉਹ ਗੁਰੂ ਪਿਆਰਾ ਪਰਵਾਰ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸਾਹਿਬ ਚੋਰ ਕਰਦੇ ਹੋਏ ਅਤੇ ਸ਼ਬਦ ਕੀਰਤਨ ਕਰਦੇ ਹੋਏ ਗ੍ਰਹਿ ਵਿਖੇ ਪੂਰਨ ਸਤਿਕਾਰ ਨਾਲ ਲਿਆਏ।

ਆਂਢੀ ਗੁਆਂਢੀ ਇਹ ਕੁਝ ਵੇਖ ਕੇ ਕਹਿਣ ਲਗੇ ਕਿ ਅਸਾਂ ਤਾਂ ਸਮਝਿਆ ਸੀ ਕਿ "ਬਾਬਿਆਂ ਨੇ ਆਉਣਾ ਹੈ", ਤੇ ਤਾਹੀਓਂ ਅਸੀਂ ਵੀ ਸਫ਼ਾਈ ਕਰਾਉਣ ਵਿਚ ਨਾਲ ਲਗ ਪਏ ਸਾਂ। ਪਰ ਇਹ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਹੀ ਹੈ।

ਉਪਰੋਕਤ ਘਟਨਾ ਤੋਂ ਪਤਾ ਲਗਦਾ ਹੈ ਕਿ ਆਮ ਡੇਰਿਆਂ ਵਾਲਿਆਂ ਬਾਬਿਆਂ ਲਈ ਜਿਨ੍ਹਾਂ ਨੇ ਆਪਣੀ ਮਾਣ-ਪ੍ਰਤਿਸ਼ਟਤਾ ਵਧਾਉਣ ਲਈ ਕਈ ਤਰ੍ਹਾਂ ਦੇ ਪਖੰਡ-ਜਾਲ ਤਣੇ ਹੁੰਦੇ ਹਨ, ਗੁਰਮਤਿ ਤੋਂ ਅਨਜਾਣ ਭੋਲੇ ਭਾਲੇ ਲੋਕਾਂ ਦੇ ਮਨਾਂ ਵਿਚ ਬੜਾ ਹੀ ਜ਼ਿਆਦਾ ਸਤਿਕਾਰ ਬਣਿਆ ਹੋਇਆ ਹੈ। ਇਨ੍ਹਾਂ ਬਾਬਿਆਂ ਦੇ ਟਾਕਰੇ ਤੇ ਦੋ ਜਹਾਨ ਦੇ ਵਾਲੀ ਸਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਅਮਲੀ ਤੌਰ ਤੇ ਕੋਈ ਸਤਿਕਾਰ ਨਹੀਂ। ਇਨ੍ਹਾਂ ਪਖੰਡੀ ਗੁਰੂਆਂ ਅਤੇ ਡੇਰਿਆਂ ਦੇ ਸੰਤਾਂ ਬਾਬਿਆਂ ਲਈ ਤਾਂ ਹਜ਼ਾਰਾਂ ਲੋਕ ਉਮਡ ਉਮਡ ਕੇ ਪੈਂਦੇ ਹਨ, ਪਰ ਸਤਿਗੁਰੂ ਜੀ ਦੀ ਸਵਾਰੀ ਲਿਆਉਣ ਲਿਜਾਣ ਲਈ ਕਈ ਵੇਰ ਨਾਲ ਪੰਜ ਸਿੰਘ ਵੀ ਨਹੀਂ ਹੁੰਦੇ।

ਬਾਬਿਆਂ ਦੇ ਇਹ ਡੇਰੇ ਅਤੇ ਸੰਤਪੁਣਾ ਗੁਰੂ-ਡੰਮ ਦਾ ਹੀ ਇਕ ਪਹਿਲਾ ਪੜਾ ਹੈ। ਗੁਰੂ-ਡੰਮ ਇਨ੍ਹਾਂ ਦੀ ਪੂਜਾ ਪ੍ਰਤਿਸ਼ਟਤਾ ਤੋਂ ਹੀ ਉਪਜਦਾ ਹੈ। ਸੰਤਪੁਣੇ ਦਾ ਇਹ ਰਿਵਾਜ ਬਹੁਤ ਹੀ ਵਧਦਾ ਜਾ ਰਿਹਾ ਹੈ, ਜਦ ਕਿ ਗੁਰੂ ਸਾਹਿਬਾਨ ਨੇ ਸਭ ਗੁਰਸਿਖ ਹੀ ਸਾਜੇ ਸਨ। ਇਸੇ ਲਈ ਗੁਰੂ ਸਾਹਿਬਾਨ ਦੇ ਸਮੇਂ ਅਤੇ ਦੇਰ ਚਿਰ ਪਿਛੋਂ ਤਕ ਵੀ ਸਿਖ ਇਤਿਹਾਸ ਵਿਚ ਕਿਸੇ ਸੰਤ ਦਾ ਜ਼ਿਕਰ ਤਕ ਨਹੀਂ ਮਿਲਦਾ। ਗੁਰੂ ਸਾਹਿਬਾਨ ਦੇ ਅਨਿੰਨ ਸਿਖ "ਭਾਈ" ਪਦ ਨਾਲ ਹੀ ਸਤਿਕਾਰੇ ਜਾਂਦੇ ਰਹੇ ਹਨ। ਅੱਜ ਕਲ੍ਹ ਦੇ ਸੰਤ ਆਪਣੇ ਅੰਦਰ ਝਾਤੀ ਮਾਰਨ ਕਿ ਉਹ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ, ਭਾਈ ਮਨੀ ਸਿੰਘ ਜੀ ਆਦਿ ਤੋਂ ਵੀ ਵਡੇ ਹਨ ? ਉਨ੍ਹਾਂ ਵਿਚੋਂ ਕਿਸੇ ਨੇ ਵੀ ਸੰਤ ਨਹੀਂ ਕਹਾਇਆ। ਗੁਰਬਾਣੀ ਵਿਚ 'ਸੰਤ' ਪਦ ਗੁਰੂ ਸਾਹਿਬਾਨ ਪ੍ਰਥਾਇ ਜਾਂ ਬਹੁ-ਵਚਨ ਰੂਪ ਵਿਚ ਸਾਧ ਸੰਗਤ ਪ੍ਰਥਾਇ ਹੀ ਆਇਆ ਹੈ। ਇਸ ਵਧ ਰਹੀ ਬੀਮਾਰੀ ਨੂੰ ਠਲ੍ਹ ਪਾਉਣ ਦੀ ਲੋੜ ਹੈ।

ਇਹ ਸਾਡੀ ਨਿਘਰਦੀ ਦਸ਼ਾ ਦੀ ਨਿਸ਼ਾਨੀ ਹੈ। ਪੰਥ ਦੀ ਚੜ੍ਹਦੀ ਕਲਾ ਓਦੋਂ ਹੀ ਹੋਵੇਗੀ, ਜਦੋਂ ਗੁਰੂ ਕਾ ਹਰੇਕ ਸਿਖ ਅੰਤਰ-ਆਤਮੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਦਾ ਪੂਰਨ ਸਤਿਕਾਰ ਕਰਦਾ ਦਿਖਾਈ ਦਿੰਦਾ ਹੋਵੇਗਾ। ਗੁਰਬਾਣੀ ਭਾਵੇਂ ਪੋਥੀ ਰੂਪ ਵਿਚ ਹੋਵੇ ਤੇ ਭਾਵੇਂ ਗੁਟਕੇ ਦੇ ਰੂਪ ਵਿਚ, ਉਸ ਨੂੰ ਪੂਰਨ ਸਤਿਕਾਰ ਨਾਲ ਰੁਮਾਲ ਵਿਚ ਲਪੇਟ ਕੇ ਰਖਣਾ ਅਤੇ ਪਾਠ ਕਰ ਕੇ ਸੁੰਦਰ ਥਾਂ ਤੇ ਸੰਭਾਲ ਕੇ ਰਖਣਾ ਉਚਿਤ ਹੈ। ਦੁਕਾਨਾਂ, ਪ੍ਰੈਸਾਂ ਅਤੇ ਦਫ਼ਤਰੀ-ਖ਼ਾਨਿਆਂ ਆਦਿ ਥਾਵਾਂ ਵਿਚ ਗੁਰਬਾਣੀ ਦੀ ਜੋ ਬੇਅਦਬੀ ਹੁੰਦੀ ਹੈ ਓਹ ਤਾਂ**



www.AKJ.Org

# ਸਤਿਗੁਰ ਕੇ ਖਜ਼ਾਨੇ

ਗੁਰੂ ਸਾਹਿਬ ਜੀ, ਤੁਸੀਂ ਧੰਨ, ਧੰਨ ਆਪ ਜੀ ਦੀ ਸਿੱਖੀ, ਧੰਨ ਆਪ ਜੀ ਦੇ ਸਿੱਖ, ਧੰਨ ਆਪ ਜੀ ਦੇ ਸਿੱਖਾਂ ਦੀ ਧਰਮ ਦੀ ਕਿਰਤ, ਅਤੇ ਧੰਨ ਉਨ੍ਹਾਂ ਦੀ ਵੰਡ-ਛਕਣ ਦੀ ਹੁੱਬ ! ਭਾਈ ਸਾਹਿਬ ਭਾਈ ਰਣਧੀਰ ਸਿੰਘ ਸਕਾਲਰਸ਼ਿਪ-ਸਕੀਮ ਅਤੇ ਤੱਤ ਗੁਰਮਤਿ ਪਰਚਾਰ ਹਿਤ ਗੁਰਸਿੱਖਾਂ ਵਲੋਂ ਬੈਂਕ ਡਰਾਫ਼ਟ, ਚੈੱਕ ਅਤੇ ਮਨੀਆਰਡਰ ਜਦ ਦਾਸ ਪਾਸ ਪੁੱਜਦੇ ਹਨ ਤਾਂ ਉਨ੍ਹਾਂ ਪਿਆਰਿਆਂ ਦਾ, ਕਲਗੀਧਰ ਪਾਤਸ਼ਾਹ ਜੀ ਦਾ ਬਖਸ਼ਿਆ ਖਾਸ ਰੂਪ (ਧੁਰ ਦਰਗਾਹੀ ਵਿਲੱਖਣ ਰੂਪ) ਦਾਸ ਦੇ ਨੇਤਰਾਂ ਮੂਹਰੇ ਆ ਜਾਂਦਾ ਹੈ। ਇਸ ਨੂਰਾਨੀ ਸੁਹਾਵਣੇ ਦਰਸ਼ਨ ਝਲਕਾਰੇ ਨਾਲ ਦਾਸ ਦਾ, ਵੈਰਾਗ ਨਾਲ, ਗੱਚ ਭਰ ਜਾਂਦਾ ਹੈ, ਅਤੇ ਨੇਤਰ ਸ-ਜਲ ਹੋ ਜਾਂਦੇ ਹਨ। ਤਾਂ ਰੋਮ ਰੋਮ ਵਿਚੋਂ ਇਹ ਆਵਾਜ਼ ਉੱਠਦੀ ਪਰਤੀਤ ਹੁੰਦੀ ਹੈ, "ਗੁਰੂ ਸਾਹਿਬ ਜੀ, ਤੁਸੀਂ ਧੰਨ, ਧੰਨ ਆਪ ਜੀ ਦੀ ਸਿੱਖੀ, ਧੰਨ ਆਪ ਜੀ ਦੇ ਸਿੱਖ, ਧੰਨ ਆਪ ਜੀ ਦੇ ਸਿੱਖਾਂ ਦੀ ਧਰਮ ਦੀ ਕਿਰਤ ਅਤੇ ਧੰਨ ਉਨ੍ਹਾਂ ਦੀ ਵੰਡ-ਛਕਣ ਦੀ ਹੁੱਬ।"

ਖਾਲਸਾ ਜੀ ਦਾ ਨਾਚੀਜ਼ ਸੇਵਕ

ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ

---

**ਸਤਿਗੁਰੂ ਹੀ ਬਖਸ਼ਣ,ਪਰ ਆਮ ਘਰਾਂ ਵਿਚ ਅਤੇ ਗੁਰ-ਅਸਥਾਨਾਂ ਵਿਚ ਗੁਰਬਾਣੀ ਦੀਆਂ ਪੋਥੀਆਂ ਤੇ ਗੁਟਕੇ ਕਈ ਵੇਰ ਭੁੰਞੇ ਹੀ ਬਿਨਾਂ ਰੁਮਾਲਾਂ ਤੋਂ ਪਏ ਹੋਏ ਵੇਖਣ ਵਿਚ ਆਉਂਦੇ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਲਮਾਰੀਆਂ ਵਿਚ ਪੂਰਨ ਸਤਿਕਾਰ ਨਾਲ ਬਿਰਾਜਮਾਨ ਨਹੀਂ ਕੀਤੇ ਜਾਂਦੇ ਅਤੇ ਉਨ੍ਹਾਂ ਦੇ ਲਪੇਟਣ ਵਾਲੇ ਰੁਮਾਲੇ ਵੀ ਪੂਰੀ ਤਰ੍ਹਾਂ ਸਾਫ ਸੁਥਰੇ ਨਹੀਂ ਰਖੇ ਜਾਂਦੇ। ਇਹ ਗੁਰਬਾਣੀ ਦੀ ਘੋਰ ਬੇਅਦਬੀ ਹੈ, ਜਿਸ ਦੇ ਦੋਸ਼ੀ ਅਸੀਂ ਆਪ ਹਾਂ।

ਅਸੀਂ ਜੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਤੇ ਬਰਕਤਾਂ ਪ੍ਰਾਪਤ ਕਰਨੀਆਂ ਚਾਹੁੰਦੇ ਹਾਂ ਅਤੇ ਖਾਲਸੇ ਦੀ ਚੜ੍ਹਦੀ ਕਲਾ ਹੋਣੀ ਵੇਖਣੀ ਚਾਹੁੰਦੇ ਹਾਂ ਤਾਂ ਇਹ ਜ਼ਰੂਰੀ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਦਾ ਇਤਨਾ ਜ਼ਿਆਦਾ ਸਤਿਕਾਰ ਕਰੀਏ ਜਿਤਨਾ ਕਿ ਦੁਨੀਆ ਭਰ ਵਿਚ ਕਿਸੇ ਹੋਰ ਵਡੇ ਤੋਂ ਵਡੇ ਵਿਅਕਤੀ ਦਾ ਵੀ ਨਹੀਂ ਹੋ ਸਕਦਾ।

---

# ਸਤਿਗੁਰ ਨਾਨਕ ਤੇਰੀ ਬਾਣੀ

[ਮਾਸਟਰ ਮਾਘ ਸਿੰਘ ਜੀ ਪਿਆਰ, ਬੈਂਕੋਂਕ ਵਾਲੇ]

ਸਤਿਗੁਰ ਨਾਨਕ ਤੇਰੀ ਬਾਣੀ, ਅੰਮ੍ਰਿਤ ਭਰਿਆ ਸਾਗਰ ਜਾਣੀ।
ਮੈਨੂੰ ਕਿਸੇ ਸਿਆਣੇ ਦੱਸੀ, ਪਰਖ ਲਈ ਮੈਂ ਗੱਲ ਇਹ ਸੱਚੀ।
ਇਕ ਦੋ ਘੁੱਟਾਂ ਜੋ ਪੀ ਲੈਂਦੈ, ਸਹਿਜ ਅਵਸਥਾ ਵਿਚ ਤੁਰ ਪੈਂਦੈ।
ਮਨ ਦੀ ਤ੍ਰਿਸ਼ਨਾ ਉਸ ਦੀ ਮੁੱਕੇ, ਧਾਵਣ ਭਟਕਣ ਉਸ ਦੀ ਚੁੱਕੇ।
ਥਲ ਰੋਹੀਆਂ ਤੇ ਬੀਆਂ-ਬਾਨਾਂ, ਘੁਗ ਆਬਾਦੀ ਨਗਰ ਮਹਾਨਾਂ।
ਸਤਿਗੁਰ ਮੇਰੇ ਥਾਂ ਥਾਂ ਜਾ ਕੇ, ਮਿੱਠੀ ਬਾਣੀ ਸੋਮੇ ਲਾ 'ਤੇ। [ਦਿਤੇ]
ਇਹ ਅੰਮ੍ਰਿਤ ਦੀ ਮਿੱਠੀ ਧਾਰਾ, ਵਗ ਰਹੀ ਹੈ ਸਭ ਸੰਸਾਰਾ।
ਮਿਹਰੀਂ ਛਹਿਬਰ ਵਸ ਰਿਹਾ ਹੈ, ਗੁਰਬਤ ਸਭ ਦੀ ਖਸ ਰਿਹਾ ਹੈ।
ਅੰਮ੍ਰਿਤ ਵੇਲੇ ਜੋ ਚਲ ਆਵੇ, ਇਸ ਅੰਮ੍ਰਿਤ ਵਿਚ ਟੁਭੀ ਲਾਵੇ।
ਸਾਰੇ ਦੁਖ ਕਲੇਸ਼ ਮਿਟਾਵੇ, ਜਨਮ ਜਨਮ ਦੀ ਮਲ ਲਹਿ ਜਾਵੇ।
ਸਭ ਲਈ ਇਸ ਦੇ ਖੁਲ੍ਹੇ ਗੱਫੇ, ਪਰ ਕੋਈ 'ਪਿਆਰ' ਸੁਭਾਗਾ ਚੱਖੇ।

www.AKJ.Org

# 'ਸੂਰਾ' ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਪਹਿਲੇ ਦੋ ਯੂ. ਕੇ. ਦੇ 650/–ਰੁਪਏ ਫ਼ੀ ਅਤੇ ਬਾਕੀ 17 ਦੇ 150/–ਰੁਪਏ ਫ਼ੀ ਪੁਜੇ ਹਨ। ਸਭ ਦੀ ਬੈਂਕ ਚੋਂ ਬਣਾਈ ਗਈ ਸਾਂਝੀ ਐਫ਼. ਡੀ. ਦਾ ਨੰਬਰ ਇਸ ਤਰ੍ਹਾਂ ਹੈ–346149/61/83 ਮਿਤੀ 25-1-83 ਤੋਂ 25-1-88, ਰਕਮ 3850/–ਰੁਪਏ।

ਬੀਬੀ ਸਤਵੰਤ ਕੌਰ ਸਹਿਗਲ ਚਿਟ ਨੰਬਰ ੨੦੧੮/੬੦੯੩, ਗੁਰਦੁਆਰਾ ਪ੍ਰਬੰਧਕ ਕਮੇਟੀ ਲਿਮਿੰਗਟਨ ੨੦੧੦/੬੦੯੪, ਗੁ: ਸਿੰਘ ਸਭਾ ਪ੍ਰੇਮ ਨਗਰ ਅੰਬਾਲਾ ਸ਼ਹਿਰ ੬੦੯੫, ਸ: ਅਜੀਤ ਸਿੰਘ ਚੰਡੀਗੜ੍ਹ ੬੦੯੬, ਸ: ਗਰਜਾ ਸਿੰਘ ਉਪਲ ਖੇੜੀ ੬੦੯੭, ਸ: ਸਤਨਾਮ ਸਿੰਘ ਚੰਡੀਗੜ੍ਹ ੬੦੯੮, ਸ: ਜ਼ੋਰਾ ਸਿੰਘ ਅੱਡਾ ਦਾਖਾ ੬੦੯੯, ਸ: ਨਿਰਮਲ ਸਿੰਘ ਨਵੀਂ ਦਿਲੀ ੬੧੦੦, ਸ: ਮਨਜੀਤ ਸਿੰਘ ਨਵੀਂ ਦਿਲੀ ੬੧੦੧, ਸਤਨਾਮ ਕਲਾਥ ਸਟੋਰ ਖਤੌਲੀ ੬੧੦੨, ਬੀਬੀ ਉਤਮ ਕੌਰ ਨਵੀਂ ਦਿਲੀ ੬੧੦੩, ਸ: ਹਰਨੇਕ ਸਿੰਘ ਜੈਦ ਮਾਨਸਾ ੬੧੦੪, ਸ: ਜਗਜੀਤ ਸਿੰਘ ਜੌਹਲ ੬੧੦੫, ਸ: ਝਲਮਨ ਸਿੰਘ ਮਿਓਵਾਲ ੬੧੦੬, ਸ: ਬਲਹਾਰ ਸਿੰਘ ਬੀਰਬੰਸੀਆਂ ੬੧੦੭, ਸ: ਬਚਿਤਰ ਸਿੰਘ ਅੱਟਾ ੬੧੦੮, ਸ: ਪਰਮਿੰਦਰ ਸਿੰਘ ਬੰਬੇ ੬੧੦੯, ਸ: ਰਵੇਲ ਸਿੰਘ ਐਂਡ ਸੰਨਜ਼ ਦੁਰਗ ੬੧੧੦, ਜੀ. ਐਸ. ਚਾਵਲਾ ਚੰਡੀਗੜ੍ਹ ੬੧੧੧।

# 'ਸੂਰਾ' ਦੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ 19 ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਪੁਜੇ ਹਨ। ਸਭ ਦੀ ਸਾਂਝੀ ਐਫ਼. ਡੀ. ਦਾ ਨੰਬਰ ਇਹ ਹੈ–346148/60/83 ਮਿਤੀ 25-1-83 ਤੋਂ 25-1-88, ਰਕਮ 950/ ਰੁ:।

ਜਨਤਾ ਕਲਾਥ ਸਟੋਰ ਚਿਟ ਨੰਬਰ ੩੦੯੨, ਸ: ਅਮਰਜੀਤ ਸਿੰਘ ਡਰਾਫ਼ਟਸਮੈਨ ੩੧੧੦, ਬੀਬੀ ਜੋਗਿੰਦਰ ਸਿੰਘ ਟੀਚਰੈਸ ੩੧੬੭, ਸ: ਗੁਰਚਰਨ ਸਿੰਘ ਲੁਧਿਆਣਾ ੩੧੭੭, ਸ: ਜਸਵੰਤ ਸਿੰਘ ਪਾਂਧੀ ੩੨੭੦, ਸ: ਅਮਰਜੀਤ ਸਿੰਘ ਇਨਸਪੈਕਟਰ ੩੩੪੯, ਸ: ਦਰਸ਼ਨ ਸਿੰਘ ਪਟਿਆਲਾ ੩੪੫੮, ਸੂਬੇਦਾਰ ਅਜਮੇਰ ਸਿੰਘ ੩੪੭੨, ਸ: ਹਰਚਰਨ ਸਿੰਘ ਰੰਧਾਵਾ ੩੪੮੦, ਬੀਬੀ ਜਤਿੰਦਰ ਕੌਰ ਬੰਬੇ ੩੫੨੦, ਸ: ਜਸਬੀਰ ਸਿੰਘ ਚੰਡੀਗੜ੍ਹ ੩੫੬੧, ਸ: ਭਗਵੰਤ ਸਿੰਘ ਬੰਬੇ ੩੬੦੬, ਸ: ਅਤਰ ਸਿੰਘ ਲੁਧਿਆਣਾ ੩੬੬੭, ਬੀਬੀ ਰਜਿੰਦਰ ਕੌਰ ਸਿਰੀ ੩੭੧੨, ਸ: ਬੇਅੰਤ ਸਿੰਘ ਕਾਨਪੁਰ ੩੭੪੩, ਕਿਸਾਨ ਪਲਾਸਟਿਕ ਇੰਡਸਟ੍ਰੀ ੩੮੧੬, ਸ: ਜਸਵੰਤ ਸਿੰਘ ਆਹਲੂਵਾਲੀਆ ਬੰਬੇ ੩੮੨੫, ਸ: ਇੰਦਰਜੀਤ ਸਿੰਘ ਇੰਜੀਨੀਅਰ ੩੮੬੭, ਸ: ਬੂਟਾ ਸਿੰਘ ਫਰੀਦਾਬਾਦ ੩੮੭੦।

---

# ਪੁਰਾਣੇ ਅਮਾਨਤੀ ਲਾਈਫ਼ ਮੈਂਬਰਾਂ ਪਾਸ ਜੋਦੜੀ

ਅਸੀਂ ਕਈ ਵਾਰ ਬੇਨਤੀ ਕਰ ਚੁਕੇ ਹਾਂ ਕਿ ਜਿਨ੍ਹਾਂ ਅਮਾਨਤੀ ਮੈਂਬਰਾਂ ਦੇ ਸੌ ਸੌ ਰੁਪਏ ਜਮ੍ਹਾ ਹਨ, ਉਹ 15/–ਰੁਪਏ ਚੰਦਾ ਸੂਦ ਵਜੋਂ ਪੂਰਾ ਕਰਨ ਲਈ ਪੰਜਾਹ ਪੰਜਾਹ ਰੁਪਏ ਹੋਰ ਭੇਜਣ। ਪਰ ਅਜੇ ਤਕ ਕਈ ਮੈਂਬਰਾਂ ਵਲੋਂ ਇਹ ਰਕਮ ਨਹੀਂ ਪੁਜੀ।

ਹੁਣ ਆਖ਼ਰੀ ਬੇਨਤੀ ਅਜਿਹੇ ਸਜਣਾਂ ਪਾਸ ਕੀਤੀ ਜਾਂਦੀ ਹੈ ਕਿ ਉਹ ਛੇਤੀ ਤੋਂ ਛੇਤੀ ਪੰਜਾਹ ਪੰਜਾਹ ਰੁਪਏ ਭਜ ਦੇਣ। ਨਹੀਂ ਤਾਂ ਰਕਮ ਨਾ ਪੁਜਣ ਦੀ ਹਾਲਤ ਵਿਚ 'ਸੂਰਾ' ਦਾ ਚੰਦਾ ਪੂਰਾ ਨਾ ਹੋਣ ਕਰਕੇ ਅਸੀਂ ਉਨ੍ਹਾਂ ਦੇ ਪਰਚੇ ਬੰਦ ਕਰਨ ਲਈ ਮਜਬੂਰ ਹੋਵਾਂਗੇ।



www.AKJ.Org

# ਮੋਗਾ ਵਿਖੇ ਰੈਣ ਸਬਾਈ ਕੀਰਤਨ ਤੇ ਅਖੰਡਪਾਠ ਸਮਾਗਮ

ਸ਼ਹੀਦਾਂ ਦੀ ਯਾਦ ਵਿਚ ਸਾਲਾਨਾ ਪ੍ਰੋਗਰਾਮ ਗੁਰਦੁਆਰਾ ਸੰਤ ਬਾਬਾ ਗੁਲਾਬ ਸਿੰਘ ਮੇਨ ਬਜ਼ਾਰ ਮੋਗਾ ਵਿਖੇ— ਸ੍ਰੀ ਅਖੰਡ ਪਾਠ ਦੇ ਭੋਗ ੧੨ ਮਾਰਚ ਸਵੇਰੇ, ਉਪਰੰਤ ੧੧ ਵਜੇ ਤਕ ਅਖੰਡ ਕੀਰਤਨ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਮੋਗਾ

---

## ਪਿੰਡ ਝਾਂਡੇ (ਲੁਧਿਆਣਾ) ਵਿਖੇ ਅਖੰਡ ਕੀਰਤਨ

ਡਾਕਟਰ ਗੁਰਚਰਨ ਸਿੰਘ ਖਾਲਸਾ ਪਿੰਡ ਝਾਂਡੇ ਡਾਕਖਾਨਾ ਬਦੋਵਾਲ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਚ ੬ ਫਰਵਰੀ ਐਤਵਾਰ ਨੂੰ ਸਵੇਰੇ ਛੇ ਤੋਂ ਸਾਢੇ ਯਾਰ੍ਹਾਂ ਤਕ ਅਖੰਡ ਕੀਰਤਨ—ਉਪਰੰਤ ਸਹਿਜ ਪਾਠ ਦੇ ਭੋਗ ਪੈਣਗੇ। ਉਪ੍ਰੰਤ ਗੁਰੂ ਕਾ ਲੰਗਰ।

---

## ਪਿੰਡ ਭੱਕੂ ਮਾਜਰਾ (ਰੋਪੜ) ਵਿਖੇ ਸਾਲਾਨਾ ਰੈਣ ਸਬਾਈ ਕੀਰਤਨ

ਸੂਬੇਦਾਰ ਪਿਆਰਾ ਸਿੰਘ ਭਕੂ ਮਾਜਰਾ (ਬਰਾਸਤਾ ਚਮਕੌਰ ਸਾਹਿਬ) ਬੇਨਤੀ ਕਰਦੇ ਹਨ ਕਿ ਪਿੰਡ ਵਿਖੇ ੨੬ ਫਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਖਰੀ ਬਸ ਰੋਪੜ ਤੋਂ ੬ ਵਜੇ ਤੇ ਚਮਕੌਰ ਸਾਹਿਬ ਤੋਂ ੬-੩੦ ਵਜੇ ਮਿਲਦੀ ਹੈ। ਇਹ ਪਿੰਡ ਸਰਹੰਦ ਨਹਿਰ ਉਤੇ ਹੈ।

---

## ਪਿੰਡ ਕੰਡੀਲਾ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਅਜੈਬ ਸਿੰਘ ਅਖੰਡ ਕੀਰਤਨੀ ਜਥਾ ਗੁਰਦਾਸਪੁਰ ਬੇਨਤੀ ਕਰਦੇ ਹਨ ਕਿ ਪਿੰਡ ਕੰਡੀਲਾ ਵਿਖੇ ੨੬ ਫ਼ਰਵਰੀ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ਬਟਾਲੇ ਤੋਂ ੧੯ ਕਿਲੋਮੀਟਰ ਅਤੇ ਸ੍ਰੀ ਹਰਿਗੋਬਿੰਦਪੁਰੇ ਤੋਂ ੧੩ ਕਿਲੋਮੀਟਰ ਤੇ ਪਿੰਡ ਹੈ।

---

## ਸ੍ਰੀ ਅੰਮ੍ਰਿਤਸਰ ਇਤਿਹਾਸਕ ਗੁਰ-ਅਸਥਾਨਾਂ ਵਿਖੇ ਕੀਰਤਨ

| | | |
|---|---|---|
| ੧. ਗੁਰਦੁਆਰਾ ਲੋਹਗੜ੍ਹ ਸਾਹਿਬ ਵਿਖੇ | ਐਤਵਾਰ ੨੦ ਫ਼ਰਵਰੀ ਸ਼ਾਮ | ੫-੩੦ ਤੋਂ ੭-੩੦ |
| ੨. ਗੁਰਦੁਆਰਾ ਗੁਰੂ ਕੇ ਮਹਿਲ ਵਿਖੇ | ਐਤਵਾਰ ੨੭ ਫ਼ਰਵਰੀ ਸ਼ਾਮ | ੫-੩੦ ਤੋਂ ੭-੩੦ |
| ੩. ਗੁਰਦੁਆਰਾ ਪਿਪਲੀ ਸਾਹਿਬ ਪੁਤਲੀ ਘਰ ਵਿਖੇ | ਐਤਵਾਰ ੬ ਮਾਰਚ ਸ਼ਾਮ | ੫-੩੦ ਤੋਂ ੯-੦੦ |

---

# ਲੈਫ਼ਟੀਨੈਂਟ ਕਮਾਂਡਰ ਕੁਲਵੰਤ ਸਿੰਘ ਜੀ ਵਿਛੋੜਾ ਦੇ ਗਏ

ਨਾਮ ਰਸੀਏ, ਗੁਰਮੁਖ ਜੀਵਨ, ਮਿਠਬੋਲੜੇ, ਸਹਿਜ ਰੰਗ ਵਿਚ ਵਿਚਰਨ ਵਾਲੇ ਸਾਡੇ ਦਿੱਲੀ ਹਿਤੂ ਲੈਫ਼ਟੀਨੈਂਟ ਕਮਾਂਡਰ ਕੁਲਵੰਤ ਸਿੰਘ ਜੀ ਆਪਣੇ ਪਿਆਰਿਆਂ ਤੇ ਸਨੇਹੀਆਂ ਨੂੰ ੨੫-੧੨-੮੨ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਆਪ ਜੀ ਕਈ ਸਾਲ ਸ੍ਰੀ ਅੰਮ੍ਰਿਤਸਰ ਜੀ ਵਿਖੇ ਫੌਜੀ ਭਰਤੀ ਅਫਸਰ ਲਗੇ ਰਹੇ, ਜਿਸ ਕਰਕੇ ਸਾਡੇ ਨਾਲ ਬਹੁਤ ਸੰਪਰਕ ਤੇ ਪ੍ਰੇਮ ਪਿਆਰ ਬਣਿਆ ਰਿਹਾ। ਕਈ ਗੁਰਮਤਿ ਸਮਾਗਮ ਤੇ ਅੰਮ੍ਰਿਤ ਸਮਾਗਮ ਵੀ ਉਨ੍ਹਾਂ ਦੇ ਗ੍ਰਿਹ ਵਿਖੇ ਹੋਏ। ਸਾਡੀ ਹਿਤੋਂ ਚਿਤੋਂ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ-ਜੋਦੜੀ ਹੈ ਕਿ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। ਪਿਛੇ ਪਰਵਾਰ ਨਾਲ ਡੂੰਘੀ ਹਮਦਰਦੀ ਹੈ, ਵਾਹਿਗੁਰੂ ਭਾਣਾ ਮੰਨਣ ਦਾ ਬਲ ਬਖ਼ਸ਼ਣ।

www.AKJ.Org

# ਨੌਜਵਾਨ ਢਾਡੀ ਬੱਚਿਆਂ ਦੀ ਪਹਿਲੀ ਬਰਸੀ ਫ਼ਰੀਦਾਬਾਦ ਅਤੇ ਬਰੇਲੀ ਵਿਖੇ 4 ਤੋਂ 10 ਮਾਰਚ

ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ, ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥
ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ, ਹਰਿ ਦਰਗਹ ਪੈਧੇ ਜਾਨ ਜੀਉ ॥ (ਪੰਨਾ ੪੪੭)

ਗੁਰੂ ਕੇ ਅਲਬੇਲੇ ਢਾਡੀ, ਸਦਾ ਸੰਗਤਾਂ ਵਿਚ ਵਿਚਰਨ ਵਾਲੀਆਂ ਰੂਹਾਂ, ਸਾਡੇ ਜਿਗਰ ਦੇ ਟੁਕੜੇ, ਨੌਜਵਾਨ ਸੋਹਣੇ ਲਾਲ ਕਾਕਾ ਵੀਰੇਂਦਰ ਸਿੰਘ ਕਾਕਾ ਰੂਪਿੰਦਰ ਸਿੰਘ, ਜੋ ਸਦਾ ਹੀ ਕੀਰਤਨ ਦੇ ਆਸ਼ਕ ਰਹੇ ਤੇ ਕੀਰਤਨ ਨੂੰ ਹੀ ਆਪਣਾ ਮੁਖ ਉਦੇਸ਼ ਬਣਾਇਆ, ਕੀਰਤਨ ਦੀ ਸੇਵਾ ਨਿਬਾਹ ਕੇ ਘਰ ਵਾਪਸ ਆਉਂਦੇ ਹੋਏ, ਅਕਾਲ ਪੁਰਖ ਦੇ ਅਟੱਲ ਹੁਕਮ ਅਨੁਸਾਰ ਅਚਾਨਕ ਵਿਛੋੜਾ ਦੇ ਗਏ। ਤਿਨ੍ਹਾਂ ਪਿਆਰੇ ਹੀਰਿਆਂ ਦੀ ਯਾਦ ਹਿਤ ਸਾਰੇ ਪਰਵਾਰ ਅਤੇ ਸਮੂਹ ਦਿਲੀ ਦੀਆਂ ਸੰਗਤਾਂ ਵਲੋਂ (ਤਿਨ੍ਹਾਂ ਦੇ ਗ੍ਰਹਿ) ੨੦੧੪, ਸੈਕਟਰ ੯, ਫ਼ਰੀਦਾਬਾਦ ਵਿਖੇ ੪-੫-੬ ਨੂੰ ਸ੍ਰੀ ਅਖੰਡਪਾਠ ਤੇ ਕੀਰਤਨ-ਅਖਾੜੇ ਸਜ ਰਹੇ ਹਨ। ਫਿਰ ੮-੯-੧੦ ਮਾਰਚ ਨੂੰ ਬਰੇਲੀ ਅਖੰਡ ਕੀਰਤਨੀ ਜਥੇ ਵਲੋਂ ਬਰੇਲੀ ਵਿਖੇ ਇਨ੍ਹਾਂ ਪਿਆਰੇ ਬੱਚਿਆਂ ਦੀ ਯਾਦ ਵਿਚ ਕੀਰਤਨ-ਅਖਾੜੇ ਸਜਣਗੇ। ਸਮੂਹ ਸੰਗਤਾਂ ਦੇ ਚਰਨਾਂ ਵਿਚ ਜੋਦੜੀ ਹੈ ਕਿ ਦਰਸ਼ਨ ਦੇ ਕੇ, ਗੁਰੂ-ਚਰਨਾਂ ਵਿਚ ਪੁਜ ਚੁਕੀਆਂ ਰੂਹਾਂ ਨੂੰ ਅਸੀਸਾਂ ਬਖਸ਼ੋ ਜੀ।

ਦਾਸਰੇ—ਸੂਰਤ ਸਿੰਘ (ਪੂਰਨ) ਤੇ ਭੂਪਿੰਦਰ ਕੌਰ, ੨੦੧੪, ਸੈਕਟਰ ੯, ਫ਼ਰੀਦਾਬਾਦ ਟਾਊਨਸ਼ਿਪ।

---

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ ਯੂ.ਕੇ. ਰੈਡਿੰਗ ਤੋਂ ਸੂਚਨਾ ਭੇਜਦੇ ਹਨ—

ਗੁਰਦੁਆਰਾ ਸ੍ਰੀ ਗੁਰੂ ਨਾਨਕ ਪ੍ਰਕਾਸ਼ ਸਿੰਘ ਸਭਾ, ੧-੭੫ Fish Pond Road, BRISTOL-5, ਫੋਨ ੦੨੭੨, ੫੧੧੬੦੯, ਮਿਤੀ ੫-੩-੮੩ ਸ਼ਨੀਵਾਰ ਸ਼ਾਮ ੭ ਵਜੇ ਅਰੰਭ ਅਤੇ ਐਤਵਾਰ ਸਵੇਰੇ ੬ ਵਜੇ ਸਮਾਪਤੀ।

ਪੁਛ-ਗਿਛ—ਭਾਈ ਲਿਖੰਦਰ ਸਿੰਘ ਤੇ ਭਾਈ ਚਰਨ ਸਿੰਘ ਜੀ ਪ੍ਰਧਾਨ, ਟੈਲੀਫ਼ੋਨ ੦੨੭੨-੫੫੦੮੦੧

---

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ

੧੯੭੮ ਵੈਸਾਖੀ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੧੯ ਫ਼ਰਵਰੀ ੧੯੮੩ ਸ਼ਨੀਵਾਰ ਰਾਤ ਨੂੰ ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

---

## ਚੰਡੀਗੜ੍ਹ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਪ੍ਰੋਗਰਾਮ

ਦਾਸ ਦੇ ਗ੍ਰਹਿ ਵਿਖੇ ੧੮ ਫਰਵਰੀ ਨੂੰ ਸ੍ਰੀ ਅਖੰਡਪਾਠ ਅਰੰਭ ਹੋਣਗੇ ਤੇ ੨੦ ਫ਼ਰਵਰੀ ਐਤਵਾਰ ਨੂੰ ਸਵੇਰੇ ਭੋਗ ਪੈਣਗੇ। ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਦਾਸ—ਸਤਨਾਮ ਸਿੰਘ ੨੪੫, ਸੈਕਟਰ ੩੫-ਏ, ਚੰਡੀਗੜ੍ਹ

---

## ਪਿੰਡ ਖਟੜਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਪਿੰਡ ਖਟੜਾ ਗੁਰਦੁਆਰਾ ਸਚਖੰਡ ਵਿਖੇ ੨੬ ਫਰਵਰੀ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

---

## ਅੰਬਾਲਾ ਛਾਉਣੀ ਵਿਖੇ ਅਖੰਡ ਕੀਰਤਨ ਸਮਾਗਮ ਤੇ ਸ੍ਰੀ ਅਖੰਡ ਪਾਠ

ਦਾਸ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ੧੨ ਫਰਵਰੀ ਸ਼ਨੀਵਾਰ ਸਵੇਰੇ ਪੰਜ ਵਜੇ ਪੈਣਗੇ। ਉਪਰੰਤ ਸਾਢੇ ਨੌਂ ਤਕ ਆਸਾ ਦੀ ਵਾਰ ਦੇ ਕੀਰਤਨ, ਉਪਰੰਤ ਬੱਚੀ ਦੇ ਅਨੰਦ ਕਾਰਜ ਹੋਣਗੇ ਅਤੇ ਗੁਰੂ ਕਾ ਲੰਗਰ ਵਰਤੇਗਾ। ਸਰਬੱਤ ਸੰਗਤਾਂ ਦਰਸ਼ਨ ਬਖਸ਼ੋ ਜੀ।

ਦਾਸਰਾ—ਮੇਵਾ ਸਿੰਘ, ੧੩੭-ਬੀ, ਗੋਬਿੰਦ ਨਗਰ, ਅੰਬਾਲਾ ਛਾਉਣੀ।

www.AKJ.Org